ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH

Founder & Chief Editor : Gurmit Singh

1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com

00 VOL XVIII, ISSUE 1918 | SATURDAY MAY 09, 2026

NEW YORK







Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
1 VOL XVIII, ISSUE 1918 | SATURDAY MAY 09, 2026
NEW YORK

# ਬੇਅਦਬੀ ਦਾ ਕਾਨੂੰਨ ਕਿਸੇ ਵੀ ਹਾਲਤ ਵਿੱਚ ਵਾਪਸ ਨਹੀਂ ਹੋਵੇਗਾ: ਭਗਵੰਤ ਮਾਨ



## ਜੇ ਪੰਜਾਬ ਵਿੱਚ ਭਾਜਪਾ ਆਈ ਤਾਂ ਦੰਗਿਆਂ ਵਾਲੇ ਹਾਲਾਤ ਹੋਣ ਦਾ ਦਾਅਵਾ ਕੀਤਾ

**ਮਹਿਲ ਕਲਾਂ ; ਆਪਣਾ ਪੰਜਾਬ ਮੀਡੀਆ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅੱਜ ਬਰਨਾਲਾ ਪਹੁੰਚੇ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਬਣਾਏ ਗਏ ਸਖ਼ਤ ਕਾਨੂੰਨ ਦੇ ਸਬੰਧ ਵਿੱਚ 'ਸ਼ੁਕਰਾਨਾ ਯਾਤਰਾ' ਦਾ ਕਾਫ਼ਲਾ ਲੈ ਕੇ ਪਹੁੰਚੇ ਸਨ। ਕਸਬਾ ਧਨੌਲਾ ਵਿਚ ਪੜਾਅ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਬੇਅਦਬੀ ਦੀਆਂ ਘਟਨਾਵਾਂ 'ਤੇ ਪਿਛਲੀਆਂ ਸਰਕਾਰਾਂ ਦੀ ਢਿੱਲ ਅਤੇ ਮੌਜੂਦਾ ਸਰਕਾਰ ਦੀ ਸਖ਼ਤੀ ਬਾਰੇ ਗੱਲ ਕੀਤੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਲੰਬੇ ਸਮੇਂ ਤੋਂ ਸ਼ਰਾਰਤੀ ਅਨਸਰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਘਟਨਾਵਾਂ ਨੂੰ ਅੰਜ਼ਾਮ ਦਿੰਦੇ ਰਹੇ ਹਨ, ਪਰ ਉਚਿਤ ਅਤੇ ਸਖ਼ਤ ਕਾਨੂੰਨ ਨਾ ਹੋਣ ਕਾਰਨ ਉਹ ਬਚ ਨਿਕਲਦੇ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਜਿਹਾ ਕਾਨੂੰਨ ਤਿਆਰ ਕੀਤਾ ਹੈ ਜਿਸ ਤਹਿਤ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸੰਬੋਧਨ ਦੌਰਾਨ ਸੀਐਮ ਨੇ ਇੱਕ ਅਹਿਮ ਕਾਨੂੰਨੀ ਜਿੱਤ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਾਂਗਰਸ ਅਤੇ ਅਕਾਲੀ ਦਲ ਦੇ ਬਹਿਕਾਵੇ ਵਿੱਚ ਆ ਕੇ ਇੱਕ ਵਿਅਕਤੀ ਨੇ ਇਸ ਸਖ਼ਤ ਕਾਨੂੰਨ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ (ਰਿੱਟ) ਦਾਇਰ ਕੀਤੀ ਸੀ। ਹਾਈਕੋਰਟ ਨੇ ਨਾ ਸਿਰਫ਼ ਉਸ ਪਟੀਸ਼ਨ ਨੂੰ ਰੱਦ ਕੀਤਾ, ਸਗੋਂ ਪਟੀਸ਼ਨਕਰਤਾ ਨੂੰ ਝਾੜ ਪਾਉਂਦਿਆਂ 10,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਨੂੰਨ ਨੂੰ ਹੁਣ ਕੋਈ ਵੀ ਚੁਣੌਤੀ ਦੇ ਕੇ ਰੱਦ ਨਹੀਂ ਕਰਵਾ ਸਕਦਾ, ਕਿਉਂਕਿ ਇਸ ਨੂੰ ਸਰਕਾਰ ਵੱਲੋਂ ਲਾਗੂ ਕਰਨ ਤੋਂ ਬਾਅਦ ਰਾਜਪਾਲ ਨੇ ਵੀ ਆਪਣੀ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ ਨਹੀਂ ਚਾਹੁੰਦੇ ਸਨ ਕਿ ਪੰਜਾਬ ਵਿੱਚ ਬੇਅਦਬੀ ਖ਼ਿਲਾਫ਼ ਕੋਈ ਸਖ਼ਤ ਕਾਨੂੰਨ ਬਣੇ। ਉਨ੍ਹਾਂ ਜਨਤਾ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਦੀ ਧਾਰਮਿਕ ਮਰਿਆਦਾ ਅਤੇ ਸ਼ਾਂਤੀ ਨੂੰ ਭੰਗ ਕਰਨ ਵਾਲੀਆਂ ਤਾਕਤਾਂ ਖ਼ਿਲਾਫ਼ 'ਜ਼ੀਰੋ ਟਾਲਰੈਂਸ' ਦੀ ਨੀਤੀ 'ਤੇ ਕੰਮ ਕਰਦੀ ਰਹੇਗੀ।

# Guru Granth Sahib Satkar Act: ਜਥੇਦਾਰ ਵੱਲੋਂ ਸਰਕਾਰ ਨੂੰ 15 ਦਿਨਾਂ ਦਾ ਅਲਟੀਮੇਟਮ

## ਸਤਿਕਾਰ (ਸੋਧ) ਐਕਟ ’ਚੋਂ ਇਤਰਾਜ਼ਯੋਗ ਮੱਦਾਂ ਹਟਾਉਣ ਦਾ ਹੁਕਮ




**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਅਕਾਲ ਤਖ਼ਤ ਅੱਗੇ ਪੇਸ਼ ਹੋਣ ਤੋਂ ਬਾਅਦ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026’ ਬਾਰੇ ਪੰਜਾਬ ਸਰਕਾਰ ਖ਼ਿਲਾਫ਼ ਸਖ਼ਤ ਰੁਖ ਅਖ਼ਤਿਆਰ ਕਰ ਲਿਆ ਹੈ। ਜਥੇਦਾਰ ਨੇ ਸਰਕਾਰ ਨੂੰ ਪੰਦਰਾਂ ਦਿਨਾਂ ਦਾ ਅਲਟੀਮੇਟਮ ਦਿੰਦਿਆਂ ਵਿਸ਼ੇਸ਼ ਇਜਲਾਸ ਸੱਦ ਕੇ ਇਸ ਐਕਟ ਦੀਆਂ ਇਤਰਾਜ਼ਯੋਗ ਮੱਦਾਂ ਹਟਾਉਣ ਲਈ ਕਿਹਾ ਹੈ। ਤੈਅ ਸਮੇਂ ’ਚ ਕਾਰਵਾਈ ਨਾ ਕਰਨ ’ਤੇ ਪੰਜ ਸਿੰਘ ਸਾਹਿਬਾਨ ਸਖ਼ਤ ਫ਼ੈਸਲਾ ਕਰਨਗੇ। ਇਹ ਜਾਣਕਾਰੀ ਜਥੇਦਾਰ ਗੜਗੱਜ ਨੇ ਸਪੀਕਰ ਸੰਧਵਾਂ ਨਾਲ ਹੋਈ ਗੱਲਬਾਤ ਤੋਂ ਬਾਅਦ ਮੀਡੀਆ ਨੂੰ ਦਿੱਤੀ ਹੈ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਵੀ ਮੌਜੂਦ ਸਨ ਜਥੇਦਾਰ ਗੜਗੱਜ ਨੇ ਐਕਟ ਦੇ ਪੰਜਾਬੀ ਤਰਜਮੇ ਵਿਚਲੀਆਂ ਖ਼ਾਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੁੱਖ ਆਸਣ ਅਸਥਾਨ ਲਈ ‘ਸਟੋਰ’ ਸ਼ਬਦ ਦੀ ਵਰਤੋਂ ਨਾਵਾਜਬ ਹੈ। ਇਸ ਤੋਂ ਇਲਾਵਾ ਕਸਟੋਡੀਅਨ ਸਬੰਧੀ ਧਾਰਾਵਾਂ, ਪ੍ਰਕਾਸ਼ਿਤ ਬੀੜਾਂ ਦੀ ਜਾਣਕਾਰੀ ਜਨਤਕ ਕਰਨ ਅਤੇ ਸਰੂਪਾਂ ’ਤੇ ਨੰਬਰ ਲਾਉਣ ਵਰਗੀਆਂ ਮੱਦਾਂ ਨਾਲ ਪੰਥ ਬਿਲਕੁਲ ਸਹਿਮਤ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਥਾਂ ਗੁਰੂ ਗ੍ਰੰਥ ਸਾਹਿਬ ਦੀ ਸਾਂਭ ਸੰਭਾਲ ਕਰਨ ਵਾਲਿਆਂ ’ਤੇ ਜ਼ਿਆਦਾ ਸ਼ਰਤਾਂ ਲਾਉਂਦਾ ਹੈ। ਇਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗ੍ਰੰਥੀ ਸਿੰਘ ਅਤੇ ਗੁਰਦੁਆਰਾ ਕਮੇਟੀਆਂ ਨੂੰ ਕਾਨੂੰਨੀ ਦਾਇਰੇ ਵਿੱਚ ਦੋਸ਼ੀਆਂ ਵਾਂਗ ਬੰਨ੍ਹਿਆ ਗਿਆ ਹੈ, ਜੋ ਸਿੱਖ ਮਾਮਲਿਆਂ ਵਿੱਚ ਸਿੱਧੀ ਸਰਕਾਰੀ ਦਖ਼ਲਅੰਦਾਜ਼ੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਇਹ ਐਕਟ ਬਿਨਾਂ ਕਿਸੇ ਪੰਥਕ ਵਿਚਾਰ-ਚਰਚਾ ਤੋਂ ਜਲਦਬਾਜ਼ੀ ਵਿੱਚ ਪਾਸ ਕੀਤਾ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਜਾ ਰਹੀ ਯਾਤਰਾ ’ਤੇ ਤਨਜ਼ ਕੱਸਦਿਆਂ ਕਿਹਾ ਕਿ ਜਦੋਂ ਪੰਥ ਨੇ ਕਾਨੂੰਨ ਨੂੰ ਮਾਨਤਾ ਹੀ ਨਹੀਂ ਦਿੱਤੀ ਤਾਂ ਫਿਰ ਸ਼ੁਕਰਾਨਾ ਕਿਸ ਗੱਲ ਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਨੂੰ ਸ਼ੁਕਰਾਨਾ ਯਾਤਰਾ ਦੀ ਥਾਂ ‘ਹੰਕਾਰ ਯਾਤਰਾ’ ਕਰਾਰ ਦਿੱਤਾ। ਉਨ੍ਹਾਂ ਸਪੀਕਰ ਸੰਧਵਾਂ ਨੂੰ ਸਪੱਸ਼ਟ ਕੀਤਾ ਕਿ ਅਕਾਲ ਤਖ਼ਤ ਸਰਕਾਰ ਨੂੰ ਸਿੱਖ ਕਾਨੂੰਨੀ ਮਾਹਰਾਂ ਦਾ ਪੈਨਲ ਦੇਵੇਗਾ, ਜਿਸ ਨਾਲ ਵਿਚਾਰ ਕਰ ਕੇ ਸਹਿਮਤੀ ਬਣਾਈ ਜਾਵੇ।

# ਅਮਰੀਕਾ ਵੱਲੋਂ ਜੰਗਬੰਦੀ ਦੀ ਉਲੰਘਣਾ ਦੇ ‘ਵਿਨਾਸ਼ਕਾਰੀ ਸਿੱਟੇ’ ਨਿਕਲ ਸਕਦੇ ਹਨ: ਇਰਾਨ






**ਤਹਿਰਾਨ; ਆਪਣਾ ਪੰਜਾਬ ਮੀਡੀਆ :** ਤਹਿਰਾਨ: ਇਰਾਨ ਨੇ ਅਮਰੀਕਾ ’ਤੇ ਹੋਰਮੁਜ਼ ਜਲਮਾਰਗ ਨੇੜੇ ਜੰਗਬੰਦੀ ਦੀ ਉਲੰਘਣਾ ਕਰਨ ਦੇ ਗੰਭੀਰ ਦੋਸ਼ ਲਗਾਏ ਹਨ। ਇਰਾਨ ਦੇ ਸੰਯੁਕਤ ਰਾਸ਼ਟਰ ਵਿੱਚ ਸਥਾਈ ਪ੍ਰਤੀਨਿਧ ਅਮੀਰ-ਸਈਦ ਇਰਾਵਾਨੀ ਨੇ ਯੂ.ਐੱਨ. ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਅਤੇ ਸੁਰੱਖਿਆ ਕੌਂਸਲ ਨੂੰ ਪੱਤਰ ਲਿਖ ਕੇ ਕਿਹਾ ਕਿ ਜਾਸਕ ਬੰਦਰਗਾਹ ਅਤੇ ਹੋਰਮੁਜ਼ ਖੇਤਰ ਨੇੜੇ ਇਰਾਨੀ ਤੇਲ ਟੈਂਕਰਾਂ ਅਤੇ ਤੱਟੀ ਇਲਾਕਿਆਂ ’ਤੇ ਕਥਿਤ ਅਮਰੀਕੀ ਕਾਰਵਾਈਆਂ ਅੰਤਰਰਾਸ਼ਟਰੀ ਕਾਨੂੰਨ ਅਤੇ ਯੂ.ਐੱਨ. ਚਾਰਟਰ ਦੀ ਸਪੱਸ਼ਟ ਉਲੰਘਣਾ ਹਨ। ਇਰਾਨ ਨੇ ਚੇਤਾਵਨੀ ਦਿੱਤੀ ਕਿ ਇਨ੍ਹਾਂ ਘਟਨਾਵਾਂ ਦੇ ਨਤੀਜਿਆਂ ਲਈ ਅਮਰੀਕਾ ਪੂਰੀ ਤਰ੍ਹਾਂ ਜ਼ਿੰਮੇਵਾਰ ਹੋਵੇਗਾ ਅਤੇ ਵਾਸ਼ਿੰਗਟਨ ਨੂੰ ਹੋਰ ਤਣਾਅ ਤੋਂ ਬਚਣ ਦੀ ਅਪੀਲ ਕੀਤੀ।





ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




# ਗੁਰਦਵਾਰਾ ਬਾਬਾ ਮੁੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਉਤਸਵ

## ਸਾਬਕਾ ਪ੍ਰਧਾਨ ਰਘਬੀਰ ਸਿੰਘ ਬੱਬੀ ਪਰਿਵਾਰ ਵੱਲੋਂ ਰੱਖਵਾਇਆ ਗਿਆ ਪਾਠ



## ਗੁਰੂ ਘਰ ਦੇ ਕੈਸ਼ੀਅਰ ਗਰੀਬ ਸਿੰਘ ਕਾਲੀ ਦੇ ਸਪੁੱਤਰ ਸ. ਹਰਸ਼ਦੀਪ ਸਿੰਘ ਦਾ ਸੰਗਤਾਂ ਦੀ ਹਜ਼ੂਰੀ ਵਿੱਚ ਮਨਾਇਆ ਗਿਆ ਜਨਮਦਿਨ

## ਗੁਰੂਘਰ ਦੀ ਪ੍ਰਬੰਧਕੀ ਕਮੇਟੀ ਵਲੋਂ ਸਾਬਕਾ ਹੈੱਡਗ੍ਰੰਥੀ ਗਿਆਨੀ ਜਗਤਾਰ ਸਿੰਘ ਦਰਬਾਰ ਸਾਹਿਬ ਵਾਲਿਆਂ ਨੂੰ ਸਿਰਪਾਓ ਭੇਟ ਕਰਕੇ ਕੀਤਾ ਗਿਆ ਸਨਮਾਨਿਤ




Photo By : Baldev Singh BJ Studio 1 646 403-7334

Report & Edted By : Apna Punjab Media Team 1 516 989 8001








ਨਿਊਯਾਰਕ: ਗੁਰਦੁਆਰਾ ਬਾਬਾ ਮੁੱਖ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਧੰਨ-ਧੰਨ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਉਤਸਵ ਬੜੀ ਸ਼ਰਧਾ, ਭਾਵਨਾ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਪਾਵਨ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਪਹੁੰਚ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਭਰੀ ਅਤੇ ਗੁਰਬਾਣੀ ਕੀਰਤਨ, ਕਥਾ ਅਤੇ ਨਾਮ ਸਿਮਰਨ ਦਾ ਆਨੰਦ ਮਾਣਿਆ। ਪੂਰਾ ਗੁਰੂ ਘਰ ਰੂਹਾਨੀ ਮਾਹੌਲ ਨਾਲ ਗੂੰਜ ਉਠਿਆ ਅਤੇ ਸੰਗਤਾਂ ਵਿੱਚ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੌਕੇ ਸਾਬਕਾ ਪ੍ਰਧਾਨ ਰਘਬੀਰ ਸਿੰਘ ਬੱਬੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਸ਼ਰਧਾ ਭਾਵਨਾ ਨਾਲ ਪਾਠ ਰਖਵਾਇਆ ਗਿਆ। ਪਰਿਵਾਰ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸੰਗਤਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਰਾਗੀ ਜਥਿਆਂ ਵੱਲੋਂ ਗੁਰੂ ਅਮਰਦਾਸ ਜੀ ਦੀ ਬਾਣੀ ਅਤੇ ਜੀਵਨ ਨਾਲ ਸੰਬੰਧਿਤ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।


















Copyright: Apna Punjab Media 2025-26



**Page 2 of 2**

[illegible]







[illegible] ਸਨਮਾਨਿਤ ਕੀਤਾ ਗਿਆ। [illegible] ਕਮੇਟੀ ਮੈਂਬਰਾਂ ਅਤੇ [illegible] ਵੱਲੋਂ [illegible]







[illegible]





[illegible]

Edition Copyright: Apna Punjab Media 2025-26 Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਪੀਕਰ ਕੁਲਤਾਰ ਸੰਧਵਾਂ, ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਸਬੰਧੀ ਰੱਖਿਆ ਪੱਖ



**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ:** ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਦੇ ਵਿਵਾਦ ਦੇ ਸਬੰਧ ਵਿੱਚ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਅੱਜ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ।

ਦੱਸ ਦਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਨੇ ਸੰਧਵਾ ਨੂੰ ਸਪੱਸ਼ਟੀਕਰਨ ਦੇਣ ਲਈ ਸਕੱਤਰੇਤ ਵਿਖੇ ਸੱਦਿਆ ਸੀ। ਵਿਧਾਨ ਸਭਾ ਦੇ ਸਪੀਕਰ ਪੇਸ਼ ਹੋਣ ਮਗਰੋਂ ਬੇਅਬਦੀ ਖਿਲਾਫ ਬਣਾਏ ਕਾਨੂੰਨ 'ਤੇ ਪੰਜਾਬ ਸਰਕਾਰ ਵੱਲੋਂ ਸਪੱਸ਼ਟੀਕਰਨ ਦਿੱਤਾ। ਉਨ੍ਹਾਂ ਨੇ ਪੇਸ਼ ਮਗਰੋਂ ਕਿਹਾ ਕਿ ਜੋ ਵੀ ਕੰਮ ਕੀਤਾ ਹੈ ਅਤੇ ਕਰਾਂਗੇ ਉਹ ਸਭ ਗੁਰੂ ਸਾਹਿਬ ਤੇ ਪੰਥ ਦੀ ਚੜ੍ਹਦੀ ਕਲਾ ਲਈ ਕਰਾਂਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਰਵਉੱਚ ਅਹੁਦਾ ਹੈ। ਕਾਨੂੰਨ 'ਤੇ ਚਰਚਾ ਲਈ ਅਖ਼ਬਾਰਾਂ ਚ ਇਸ਼ਤਿਹਾਰ ਕੱਢੇ ਗਏ, ਨੰਬਰ ਅਤੇ ਈਮੇਲ ਵੀ ਜਾਰੀ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜ੍ਹਗੱਜ ਨੇ ਸਪੱਸ਼ਟ ਕੀਤਾ ਕਿ ਵਿਧਾਨ ਸਭਾ ਵਿੱਚ ਇੱਕ ਬਿੱਲ ਪਾਸ ਕਰਨਾ, ਜਿਸਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰੱਦ ਕਰ ਦਿੱਤਾ ਸੀ, ਸਿੱਖ ਭਾਈਚਾਰੇ, ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਭਾਵਨਾਵਾਂ ਦੀ ਅਣਦੇਖੀ ਕਰਦਾ ਹੈ। ਇਸ ਲਈ, ਸਪੀਕਰ ਸੰਧਵਾ ਨੂੰ ਜਵਾਬ ਦੇਣ ਲਈ ਕਿਹਾ ਗਿਆ ਹੈ। ਸੰਪਰਦਾਇਕ ਹਲਕਿਆਂ ਵਿੱਚ,ਇਸ ਵਿਕਾਸ ਨੂੰ ਅਕਾਲ ਤਖ਼ਤ ਦੀ ਸ਼ਾਨ ਅਤੇ ਸਰਵਉੱਚਤਾ ਲਈ ਖ਼ਤਰਾ ਮੰਨਿਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ, ਸਪੀਕਰ ਸੰਧਵਾਂ ਦੇ ਸਾਹਮਣੇ ਮੁੱਖ ਸਵਾਲ ਇਹ ਉੱਠਣ ਦੀ ਸੰਭਾਵਨਾ ਹੈ ਕਿ ਜਦੋਂ ਅਕਾਲ ਤਖ਼ਤ ਸਾਹਿਬ ਪਹਿਲਾਂ ਹੀ ਆਪਣੀ ਅਸਵੀਕਾਰਤਾ ਪ੍ਰਗਟ ਕਰ ਚੁੱਕਾ ਹੈ ਤਾਂ ਬਿੱਲ ਨੂੰ ਪਾਸ ਕਿਉਂ ਕੀਤਾ ਜਾ ਰਿਹਾ ਹੈ। ਇਸ ਪੂਰੇ ਘਟਨਾਕ੍ਰਮ ਨੇ ਪੰਜਾਬ ਦੀ ਰਾਜਨੀਤੀ ਅਤੇ ਸਿੱਖ ਧਾਰਮਿਕ ਸੰਸਥਾਵਾਂ ਵਿਚਕਾਰ ਤਣਾਅ ਪੈਦਾ ਕਰ ਦਿੱਤਾ ਹੈ।

ਸੂਤਰਾਂ ਅਨੁਸਾਰ, ਸਪੀਕਰ ਸੰਧਵਾਂ ਦੇ ਸਾਹਮਣੇ ਮੁੱਖ ਸਵਾਲ ਇਹ ਉੱਠਣ ਦੀ ਸੰਭਾਵਨਾ ਹੈ ਕਿ ਜਦੋਂ ਅਕਾਲ ਤਖ਼ਤ ਸਾਹਿਬ ਪਹਿਲਾਂ ਹੀ ਆਪਣੀ ਅਸਵੀਕਾਰਤਾ ਪ੍ਰਗਟ ਕਰ ਚੁੱਕਾ ਹੈ ਤਾਂ ਬਿੱਲ ਨੂੰ ਪਾਸ ਕਿਉਂ ਕੀਤਾ ਜਾ ਰਿਹਾ ਹੈ। ਇਸ ਪੂਰੇ ਘਟਨਾਕ੍ਰਮ ਨੇ ਪੰਜਾਬ ਦੀ ਰਾਜਨੀਤੀ ਅਤੇ ਸਿੱਖ ਧਾਰਮਿਕ ਸੰਸਥਾਵਾਂ ਵਿਚਕਾਰ ਤਣਾਅ ਪੈਦਾ ਕਰ ਦਿੱਤਾ ਹੈ।

## BJP ਵੱਲੋਂ ਭਗਵੰਤ ਮਾਨ ਨੂੰ ਮਾਣਹਾਨੀ ਨੋਟਿਸ

# ਸੱਤ ਦਿਨਾਂ 'ਚ ਜਨਤਕ ਮੁਆਫ਼ੀ ਨਾ ਮੰਗਣ 'ਤੇ ਕਾਨੂੰਨੀ ਕਾਰਵਾਈ ਦੀ ਚਿਤਾਵਨੀ



**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਭਾਜਪਾ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਕਾਨੂੰਨੀ ਕਾਰਵਾਈ ਦਾ ਰਾਹ ਅਖ਼ਤਿਆਰ ਕੀਤਾ ਹੈ। ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਅੱਜ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪਰਾਧਿਕ ਮਾਣਹਾਨੀ ਦਾ ਨੋਟਿਸ ਭੇਜਿਆ ਹੈ। ਚੁੱਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਬਿਨਾਂ ਕਿਸੇ ਸਬੂਤ ਦੇ ਭਾਜਪਾ 'ਤੇ ਧਮਾਕਿਆਂ ਦੇ ਇਲਜ਼ਾਮ ਲਗਾਏ ਹਨ। ਮੁੱਖ ਮੰਤਰੀ ਮਾਨ ਨੇ ਸੋਮਵਾਰ ਰਾਤੀਂ ਜਲੰਧਰ ਅਤੇ ਅੰਮ੍ਰਿਤਸਰ 'ਚ ਉਪਰੋਥਲੀ ਹੋਏ ਧਮਾਕਿਆਂ ਦੇ ਹਵਾਲੇ ਨਾਲ ਬੁੱਧਵਾਰ ਨੂੰ ਕਿਹਾ ਸੀ ਕਿ ਭਾਜਪਾ ਨੇ ਅਜਿਹੇ ਹੱਥਕੰਡੇ ਵਰਤ ਕੇ ਪੰਜਾਬ 'ਚ ਚੋਣਾਂ ਦੀ ਤਿਆਰੀ ਵਿੱਢ ਦਿੱਤੀ ਹੈ। ਮੁੱਖ ਮੰਤਰੀ ਨੇ ਇਨ੍ਹਾਂ ਧਮਾਕਿਆਂ ਲਈ ਭਾਜਪਾ ਨੂੰ ਜ਼ਿੰਮੇਵਾਰ ਦੱਸਿਆ ਸੀ।

ਚੁੱਘ ਨੇ ਕਿਹਾ ਕਿ ਮੁੱਖ ਮੰਤਰੀ ਖ਼ਿਲਾਫ਼ ਅਪਰਾਧਿਕ ਮਾਣਹਾਨੀ, ਝੂਠੀ ਜਾਣਕਾਰੀ ਫੈਲਾਉਣ ਅਤੇ ਜਨਤਕ ਅਸ਼ਾਂਤੀ ਭੜਕਾਉਣ ਦੀ ਕੋਸ਼ਿਸ਼ ਦੇ ਮਾਮਲੇ 'ਚ ਨੋਟਿਸ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਮੁੱਖ ਮੰਤਰੀ 7 ਦਿਨਾਂ ਦੇ ਅੰਦਰ ਆਪਣਾ ਬਿਆਨ ਵਾਪਸ ਲੈ ਕੇ ਜਨਤਕ ਤੌਰ 'ਤੇ ਮੁਆਫ਼ੀ ਨਹੀਂ ਮੰਗਦੇ ਤਾਂ ਉਨ੍ਹਾਂ ਖ਼ਿਲਾਫ਼ ਅਪਰਾਧਿਕ ਅਤੇ ਸਿਵਲ, ਦੋਵੇਂ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਧਮਾਕਿਆਂ ਬਾਰੇ ਡੀ ਜੀ ਪੀ ਅਤੇ ਮੁੱਖ ਮੰਤਰੀ ਦੇ ਬਿਆਨ ਆਪਸ 'ਚ ਮੇਲ ਨਹੀਂ ਖਾਂਦੇ। ਪੁਲੀਸ ਇਸ ਪਿੱਛੇ ਵਿਦੇਸ਼ੀ ਤਾਕਤਾਂ ਦਾ ਹੱਥ ਦੱਸ ਰਹੀ ਹੈ ਜਦੋਂ ਕਿ ਮੁੱਖ ਮੰਤਰੀ ਆਪਣਾ ਸਿਆਸੀ ਏਜੰਡਾ ਚਲਾ ਰਹੇ ਹਨ। ਇਸ ਵੇਲੇ ਪੂਰਾ ਦੇਸ਼ 'ਅਪ੍ਰੇਸ਼ਨ ਸਿੰਧੂਰ' ਦੀ ਵਰ੍ਹੇਗੰਢ 'ਤੇ ਫ਼ੌਜ ਦੇ ਬਹਾਦਰੀ ਦੇ ਜਸ਼ਨ ਮਨਾ ਰਿਹਾ ਹੈ ਪਰ ਮੁੱਖ ਮੰਤਰੀ ਭਾਜਪਾ ਨੂੰ ਧਮਾਕਿਆਂ ਨਾਲ ਜੋੜ ਕੇ ਸਿਆਸੀ ਝੂਠ ਬੋਲ ਰਹੇ ਹਨ।





Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

Founder & Chief Editor: Gurmit Singh

1 516 989 8001 | 1 631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE:

NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com





ੴ ਸਤਿਗੁਰ ਪ੍ਰਸਾਦਿ॥

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ THE SIKH CULTURAL SOCIETY INC

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ

95-30-118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419



ਦੀ ਸਮੁੱਚੀ ਪ੍ਰਬੰਧਕ ਕਮੇਟੀ ਸੇਵਾਦਾਰਾਂ, ਪੰਥਕ ਜਥੇਬੰਦੀਆਂ, ਸੇਵਾ ਸੋਸਾਇਟੀਆਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿੱਚ ਅਤੇ ਸਮੂਹ ਸ਼ਹੀਦਾਂ ਦੀ ਅਦਭੁਤ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਖੇ **5, 6 ਅਤੇ 7 ਜੂਨ 2026** ਨੂੰ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਏ ਜਾਣਗੇ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
5 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
7 ਜੂਨ ਦਿਨ ਐਤਵਾਰ ਸਵੇਰੇ 9:30 ਵਜੇ

**ਐਤਵਾਰ ਨੂੰ ਦਿਨ-ਭਰ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਕੀਰਤਨੀ ਜੱਥੇ ਪ੍ਰਚਾਰ ਕਥਾਵਾਚਕ, ਰਾਗੀ ਢਾਡੀ ਸਹਿਬਾਨ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ**



ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜੂਨ 1984 ਦੇ ਘੱਲੂਘਾਰੇ ਨੂੰ ਸ਼ਰਧਾ ਸਹਿਤ ਯਾਦ ਕਰਦਿਆਂ ਅਤੇ ਸਮੂਹ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ ਆਪਣੇ ਪਰਿਵਾਰਾਂ ਸਮੇਤ ਸਮਾਗਮ ਵਿੱਚ ਸ਼ਮੂਲੀਅਤ ਕਰੋ ਅਤੇ ਸੇਵਾਵਾਂ ਵਿੱਚ ਭਾਗ ਲੈ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

**ਬੇਨਤੀ ਕਰਤਾ** ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਫ਼ੋਨ 718-846-3333



ਭਾਈ ਧਰਮਵੀਰ ਸਿੰਘ
Head Granthi
516-604-8448



ਸ. ਜਤਿੰਦਰ ਸਿੰਘ ਬੋਪਾਰਾਏ
President
718-989-0651



ਸ. ਹਰਵੰਸ ਸਿੰਘ ਢਿੱਲੋਂ
Co-Cronator
917-515-1721



ਸ. ਗੁਰਦੇਵ ਸਿੰਘ ਕੰਗ
Co-Cronator
718-974-4827



ਬਾਬੂ ਜੋਗਿੰਦਰ ਸਿੰਘ
Chairman BOT
347-681-1222



ਜਗੀਰ ਸਿੰਘ ਖਨੀਲ
Gen Secretary
347-261-1483



ਬਲਾਕਾ ਸਿੰਘ
Secretary
646-645-7373



ਸੰਦੀਪ ਸਿੰਘ ਜਿੰਮੀ
Vice President
646-339-3186



ਬੂਟਾ ਸਿੰਘ ਚੀਮਾ
Treasurer
917-518-1574



ਜਸਵਿੰਦਰ ਸਿੰਘ ਖੱਖ
Secretary BOT
917-892-9790





Copyright: Apna Punjab Media 2025-26

Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


# ਨਿਊਯਾਰਕ ਦੇ ਲੌਂਗ ਆਈਲੈਂਡ ਇਲਾਕੇ ਦੇ ਕੌਮੈਕ ਵਿਖੇ

# ’ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ ਦਾ ਹੋਇਆ ਸ਼ਾਨਦਾਰ ਉਦਘਾਟਨ

## ਆਪਣਾ ਬਾਜ਼ਾਰ ਫਾਰਮਰਜ਼ ਗਰੁੱਪ ਦੇ ਮਾਲਕ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਦੀ ਮਜ਼ਬੂਤ ਦੋਸਤੀ ਅਤੇ ਸਾਂਝੀ ਸੋਚ ਨੇ ਕਾਮਯਾਬੀ ਦੇ ਰਾਹ ’ਤੇ ਗੱਡਿਆ ਇਕ ਹੋਰ ਇਤਿਹਾਸਕ ਮੀਲ ਪੱਥਰ

## ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਦੇ ਨਾਲ ਹੋਇਆ ’ਆਪਣਾ ਬਾਜ਼ਾਰ’ ਦਾ ਸ਼ੁਭ ਆਗਾਜ਼

## ਰਿਬਨ ਕਟਾਈ ਨਾਲ ਕੀਤਾ ਉਦਘਾਟਨ, ਆਪਣਾ ਪੰਜਾਬ ਮੀਡੀਆ ਵਲੋਂ ਕੀਤੀ ਗਈ ਵਿਸ਼ੇਸ਼ ਕਵਰੇਜ





Photo By : Baldev Singh BJ Studio 1 646 403-7334 | Report & Edted By : Apna Punjab Media Team 1 516 989 8001






ਦੇਸ਼ਾਂ-ਵਿਦੇਸ਼ਾਂ ਦੀ ਧਰਤੀ ਉੱਤੇ ਭਾਰਤੀ ਭਾਈਚਾਰੇ ਨੇ ਆਪਣੀ ਮਿਹਨਤ, ਲਗਨ ਅਤੇ ਆਪਸੀ ਭਾਈਚਾਰੇ ਦੇ ਸਦਕਾ ਜੋ ਮਾਣ-ਸਤਿਕਾਰ ਹਾਸਲ ਕੀਤਾ ਹੈ, ਉਹ ਅੱਜ ਪੂਰੀ ਦੁਨੀਆ ਲਈ ਇੱਕ ਮਿਸਾਲ ਬਣ ਚੁੱਕਾ ਹੈ। ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੇ ਨਾ ਸਿਰਫ ਆਪਣੇ ਕਾਰੋਬਾਰਾਂ ਰਾਹੀਂ ਸਫਲਤਾ ਹਾਸਲ ਕੀਤੀ ਹੈ, ਸਗੋਂ ਆਪਣੇ ਸੱਭਿਆਚਾਰ, ਪਰੰਪਰਾਵਾਂ ਅਤੇ ਭਾਈਚਾਰਕ



ਸਾਂਝ ਨੂੰ ਵੀ ਜਿਉਂਦਾ ਰੱਖਿਆ ਹੈ। ਅਜਿਹੀ ਹੀ ਇੱਕ ਪ੍ਰੇਰਣਾਦਾਇਕ ਮਿਸਾਲ ਨਿਊਯਾਰਕ ਦੇ ਉੱਘੇ ਕਾਰੋਬਾਰੀ ਅਤੇ ਸਮਾਜਸੇਵੀ **ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ** ਵੱਲੋਂ ਪੇਸ਼ ਕੀਤੀ ਗਈ ਹੈ, ਜਿਨ੍ਹਾਂ ਦੀ ਦੋਸਤੀ ਅਤੇ ਮਿਹਨਤ ਦੀ ਚਰਚਾ ਅੱਜ ਪੂਰੇ ਅਮਰੀਕਾ ਵਿੱਚ ਹੋ ਰਹੀ ਹੈ।


Cont...



“ਜਸਵਿੰਦਰ ਜੋਹਲ ਅਤੇ ਦੀਪਕ ਭਰਦਵਾਜ ਦੀ ਕਾਮਯਾਬੀ ਇਸ ਗੱਲ ਦਾ ਸਬੂਤ ਹੈ ਕਿ ਜੇ ਦੋਸਤੀ ਵਿੱਚ ਭਰੋਸਾ, ਮਿਹਨਤ ਅਤੇ ਇਮਾਨਦਾਰੀ ਹੋਵੇ ਤਾਂ ਕੋਈ ਵੀ ਮੰਜ਼ਲਿ ਦੂਰ ਨਹੀਂ ਰਹਿੰਦੀ। ‘ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ’ ਦਾ ਇਹ ਵਿਸ਼ਾਲ ਉਦਘਾਟਨ ਪੂਰੇ ਭਾਰਤੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਮੈਂ ਦੋਵੇਂ ਵੀਰਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਉਹਨਾਂ ਦੇ ਕਾਰੋਬਾਰ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਬਖ਼ਸ਼ੇ।”

ਬਲਦੇਵ ਸਿੰਘ
(ਬੀਜੇ ਸਟੂਡੀਓ)
1 646 403-7334





“ਨਿਊਯਾਰਕ ਦੇ ਕੌਮੈਕ ਵਿਖੇ ‘ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ’ ਦੀ ਸ਼ਾਨਦਾਰ ਗ੍ਰੈਂਡ ਓਪਨਿੰਗ ਜਸਵਿੰਦਰ ਜੋਹਲ ਅਤੇ ਦੀਪਕ ਭਰਦਵਾਜ ਦੀ ਮਿਹਨਤ ਅਤੇ ਵੱਡੀ ਸੋਚ ਦੀ ਕਾਮਯਾਬ ਮਿਸਾਲ ਹੈ। ਦੇਸੀ ਗਰੋਸਰੀ, ਕੈਫੇ ਅਤੇ ਨਵੀਆਂ ਸੁਵਿਧਾਵਾਂ ਨਾਲ ਇਹ ਸਟੋਰ ਭਾਈਚਾਰੇ ਲਈ ਖਾਸ ਆਕਰਸ਼ਣ ਬਣੇਗਾ। ਆਪਣਾ ਪੰਜਾਬ ਮੀਡੀਆ ਵੱਲੋਂ ਦੋਵੇਂ ਵੀਰਾਂ ਨੂੰ ਦਿਲੋਂ ਮੁਬਾਰਕਬਾਦ ਅਤੇ ਹੋਰ ਤਰੱਕੀ ਲਈ ਸ਼ੁਭਕਾਮਨਾਵਾਂ।”



ਗੁਰਮੀਤ ਸਿੰਘ
(ਆਪਣਾ ਪੰਜਾਬ ਮੀਡੀਆ ਨਿਊਯਾਰਕ)
1 516 989 8001


Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh



1 516 989 8001 | 1 631 835 8000

CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com





VOL XVIII, ISSUE 1918 | SATURDAY MAY 09, 2026




# ਨਿਊਯਾਰਕ ਦੇ ਲੌਂਗ ਆਈਲੈਂਡ ਇਲਾਕੇ ਦੇ ਕੌਮੈਕ ਵਿਖੇ 'ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ ਦਾ ਹੋਇਆ ਸ਼ਾਨਦਾਰ ਉਦਘਾਟਨ

## ਆਪਣਾ ਬਾਜ਼ਾਰ ਫਾਰਮਰਜ਼ ਗਰੁੱਪ ਦੇ ਮਾਲਕ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਦੀ ਮਜ਼ਬੂਤ ਦੋਸਤੀ ਅਤੇ ਸਾਂਝੀ ਸੋਚ ਨੇ ਕਾਮਯਾਬੀ ਦੇ ਰਾਹ 'ਤੇ ਗੱਡਿਆ ਇਕ ਹੋਰ ਇਤਿਹਾਸਕ ਮੀਲ ਪੱਥਰ

### ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਦੇ ਨਾਲ ਹੋਇਆ 'ਆਪਣਾ ਬਾਜ਼ਾਰ' ਦਾ ਸ਼ੁਭ ਆਗਾਜ਼

### ਰਿਬਨ ਕਟਾਈ ਨਾਲ ਕੀਤਾ ਉਦਘਾਟਨ, ਆਪਣਾ ਪੰਜਾਬ ਮੀਡੀਆ ਵਲੋਂ ਕੀਤੀ ਗਈ ਵਿਸ਼ੇਸ਼ ਕਵਰੇਜ



Photo By : Baldev Singh BJ Studio 1 646 403-7334

Report & Edted By : Apna Punjab Media Team 1 516 989 8001















ਨਿਊਯਾਰਕ ਦੇ ਲੌਂਗ ਆਈਲੈਂਡ ਇਲਾਕੇ ਦੇ ਕੌਮੈਕ ਵਿਖੇ **'ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ'** ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ। 2160 ਜੈਰੀਕੋ ਟਰਨਪਾਈਕ 'ਤੇ ਖੁੱਲ੍ਹੇ ਇਸ ਆਧੁਨਿਕ ਅਤੇ ਵਿਸ਼ਾਲ ਸਟੋਰ ਵਿੱਚ ਦੇਸੀ ਗਰੋਸਰੀ ਦੇ ਨਾਲ-ਨਾਲ ਕੈਫੇ ਅਤੇ ਕਿਚਨ ਦੀ ਵਿਸ਼ੇਸ਼ ਸੁਵਿਧਾ ਵੀ ਉਪਲਬਧ ਕਰਵਾਈ ਗਈ ਹੈ, ਜਿਸ ਕਾਰਨ ਇਲਾਕੇ ਦੇ ਲੋਕਾਂ ਵਿੱਚ ਖਾਸ ਉਤਸ਼ਾਹ ਵੇਖਣ ਨੂੰ ਮਿਲਿਆ। ਉਦਘਾਟਨ ਮੌਕੇ ਸਵੇਰੇ ਤੋਂ ਹੀ ਲੋਕਾਂ ਦੀ ਭਾਰੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ ਅਤੇ ਵੱਡੀ ਗਿਣਤੀ ਵਿੱਚ ਲੋਕ ਆਪਣੇ ਪਰਿਵਾਰਾਂ ਸਮੇਤ ਸਮਾਗਮ ਵਿੱਚ ਪਹੁੰਚੇ।

ਆਪਣਾ ਬਾਜ਼ਾਰ ਫਾਰਮਰਜ਼ ਗਰੁੱਪ ਦੇ ਮਾਲਕ **ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ** ਦੀ ਮਜ਼ਬੂਤ ਦੋਸਤੀ, ਆਪਸੀ ਵਿਸ਼ਵਾਸ ਅਤੇ ਸਾਂਝੀ ਸੋਚ ਨੇ ਕਾਮਯਾਬੀ ਦੇ ਰਾਹ 'ਤੇ ਇਕ ਹੋਰ ਇਤਿਹਾਸਕ ਮੀਲ ਪੱਥਰ ਗੱਡ ਦਿੱਤਾ ਹੈ। ਦੋਵੇਂ ਕਾਰੋਬਾਰੀਆਂ ਦੀ ਸਾਲਾਂ ਪੁਰਾਣੀ ਦੋਸਤੀ ਅਤੇ ਇਕੱਠੇ ਕੰਮ ਕਰਨ ਦੀ ਸੋਚ ਹੀ **'ਆਪਣਾ ਬਾਜ਼ਾਰ'** ਨੂੰ ਅਮਰੀਕਾ ਵਿੱਚ ਇੱਕ ਮਜ਼ਬੂਤ ਅਤੇ ਭਰੋਸੇਮੰਦ ਬਰਾਂਡ ਬਣਾਉਣ ਵਿੱਚ ਸਫਲ ਰਹੀ ਹੈ। ਭਾਈਚਾਰੇ ਦੇ ਲੋਕਾਂ ਦਾ ਕਹਿਣਾ ਹੈ ਕਿ ਜਸਵਿੰਦਰ ਜੋਹਲ ਅਤੇ ਦੀਪਕ ਭਰਦਵਾਜ ਦੀ ਮਿਹਨਤ, ਨਿਮਰਤਾ ਅਤੇ ਲੋਕਾਂ ਨਾਲ ਜੁੜੇ ਰਹਿਣ ਦੀ ਖ਼ੂਬੀ ਉਹਨਾਂ ਦੀ ਕਾਮਯਾਬੀ ਦਾ ਸਭ ਤੋਂ ਵੱਡਾ ਰਾਜ ਹੈ।

ਇਸ ਉਦਘਾਟਨੀ ਸਮਾਰੋਹ ਦੀ ਸ਼ੁਰੂਆਤ ਸਟੋਰ ਦੇ **ਮਾਲਕ ਜਸਵਿੰਦਰ ਜੋਹਲ ਅਤੇ ਦੀਪਕ ਭਰਦਵਾਜ** ਵੱਲੋਂ


Cont....
















Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1918 | SATURDAY MAY 09, 2026


# ਨਿਊਯਾਰਕ ਦੇ ਲੌਂਗ ਆਈਲੈਂਡ ਇਲਾਕੇ ਦੇ ਕੌਮੈਕ ਵਿਖੇ 'ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ ਦਾ ਹੋਇਆ ਸ਼ਾਨਦਾਰ ਉਦਘਾਟਨ

## ਆਪਣਾ ਬਾਜ਼ਾਰ ਫਾਰਮਰਜ਼ ਗਰੁੱਪ ਦੇ ਮਾਲਕ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਦੀ ਮਜ਼ਬੂਤ ਦੋਸਤੀ ਅਤੇ ਸਾਂਝੀ ਸੋਚ ਨੇ ਕਾਮਯਾਬੀ ਦੇ ਰਾਹ 'ਤੇ ਗੱਡਿਆ ਇਕ ਹੋਰ ਇਤਿਹਾਸਕ ਮੀਲ ਪੱਥਰ

### ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਦੇ ਨਾਲ ਹੋਇਆ 'ਆਪਣਾ ਬਾਜ਼ਾਰ' ਦਾ ਸ਼ੁਭ ਆਗਾਜ਼

### ਰਿਬਨ ਕਟਾਈ ਨਾਲ ਕੀਤਾ ਉਦਘਾਟਨ, ਆਪਣਾ ਪੰਜਾਬ ਮੀਡੀਆ ਵਲੋਂ ਕੀਤੀ ਗਈ ਵਿਸ਼ੇਸ਼ ਕਵਰੇਜ

PAGE : 3 OF 4

Photo By : Baldev Singh BJ Studio 1 646 403-7334
Report & Edted By : Apna Punjab Media Team 1 516 989 8001






ਹੈਡ ਗ੍ਰੰਥੀ ਭਾਈ ਧਰਮਵੀਰ ਸਿੰਘ ਕੋਲੋਂ ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਦੇ ਨਾਲ 'ਆਪਣਾ ਬਾਜ਼ਾਰ' ਦਾ ਸ਼ੁਭ ਆਗਾਜ਼ ਕੀਤਾ ਗਿਆ ਅਤੇ ਅਰਦਾਸ ਉਪਰੰਤ ਰਿਬਨ ਕਟਾਈ ਦੀ ਰਸਮ ਨਿਭਾ ਕੇ ਸਟੋਰ ਦਾ ਅਧਿਕਾਰਕ ਉਦਘਾਟਨ ਕੀਤਾ ਗਿਆ। ਇਸ ਮੌਕੇ ਮੌਜੂਦ ਲੋਕਾਂ ਨੇ ਤਾਲੀਆਂ ਦੀ ਗੂੰਜ ਨਾਲ ਨਵੇਂ ਸਟੋਰ ਦਾ ਸਵਾਗਤ ਕੀਤਾ। ਉਦਘਾਟਨ ਸਮਾਗਮ ਵਿੱਚ ਨਿਊਯਾਰਕ ਦੀਆਂ ਕਈ ਉੱਘੀਆਂ ਸ਼ਖਸੀਅਤਾਂ, ਸਮਾਜਸੇਵੀਆਂ, ਕਾਰੋਬਾਰੀਆਂ ਅਤੇ ਸਿਟੀ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮਹਿਮਾਨਾਂ ਵੱਲੋਂ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਨੂੰ ਵਧਾਈਆਂ ਦਿੰਦਿਆਂ ਉਹਨਾਂ ਦੀ ਮਿਹਨਤ ਅਤੇ ਲਗਨ ਦੀ ਖ਼ੂਬ ਪ੍ਰਸ਼ੰਸਾ ਕੀਤੀ ਗਈ। ਕਈ ਬੁਲਾਰਿਆਂ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਇਸ ਤਰ੍ਹਾਂ ਦੇ ਕਾਰੋਬਾਰ ਸਿਰਫ ਵਪਾਰਕ ਸਫਲਤਾ ਹੀ ਨਹੀਂ, ਸਗੋਂ ਭਾਈਚਾਰਕ ਏਕਤਾ ਅਤੇ ਸੱਭਿਆਚਾਰਕ ਪਛਾਣ ਨੂੰ ਵੀ ਮਜ਼ਬੂਤ ਕਰਦੇ ਹਨ।




ਇਸ ਮੌਕੇ ਬਲਦੇਵ ਸਿੰਘ ਬੀਜੇ ਸਟੂਡੀਓ ਵੱਲੋਂ ਵੀ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਨੂੰ ਵਿਸ਼ੇਸ਼ ਵਧਾਈ ਦਿੱਤੀ ਗਈ।

Cont....










Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE : NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1918 | SATURDAY MAY 09, 2026


# ਨਿਊਯਾਰਕ ਦੇ ਲੌਂਗ ਆਈਲੈਂਡ ਇਲਾਕੇ ਦੇ ਕੌਮੈਕ ਵਿਖੇ 'ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ ਦਾ ਹੋਇਆ ਸ਼ਾਨਦਾਰ ਉਦਘਾਟਨ

## ਆਪਣਾ ਬਾਜ਼ਾਰ ਫਾਰਮਰਜ਼ ਗਰੁੱਪ ਦੇ ਮਾਲਕ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਦੀ ਮਜ਼ਬੂਤ ਦੋਸਤੀ ਅਤੇ ਸਾਂਝੀ ਸੋਚ ਨੇ ਕਾਮਯਾਬੀ ਦੇ ਰਾਹ 'ਤੇ ਗੱਡਿਆ ਇਕ ਹੋਰ ਇਤਿਹਾਸਕ ਮੀਲ ਪੱਥਰ

## ਵਾਹਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਦੇ ਨਾਲ ਹੋਇਆ 'ਆਪਣਾ ਬਾਜ਼ਾਰ' ਦਾ ਸ਼ੁਭ ਆਗਾਜ਼


### ਰਿਬਨ ਕਟਾਈ ਨਾਲ ਕੀਤਾ ਉਦਘਾਟਨ, ਆਪਣਾ ਪੰਜਾਬ ਮੀਡੀਆ ਵਲੋਂ ਕੀਤੀ ਗਈ ਵਿਸ਼ੇਸ਼ ਕਵਰੇਜ



Photo By : Baldev Singh BJ Studio 1 646 403-7334
Report & Edted By : Apna Punjab Media Team 1 516 989 8001





ਦੱਸਣਯੋਗ ਹੈ ਕਿ 'ਆਪਣਾ ਬਾਜ਼ਾਰ ਫਾਰਮਰਜ਼ ਮਾਰਕੀਟ' ਵਿੱਚ ਭਾਰਤੀ, ਪਾਕਿਸਤਾਨੀ ਅਤੇ ਬੰਗਲਾਦੇਸ਼ੀ ਭਾਈਚਾਰੇ ਲਈ ਹਰ ਤਰ੍ਹਾਂ ਦੀ ਦੇਸੀ ਗਰੋਸਰੀ ਉਪਲਬਧ ਕਰਵਾਈ ਗਈ ਹੈ। ਇੱਥੇ ਤਾਜ਼ਾ ਸਬਜ਼ੀਆਂ, ਫਲ, ਮਸਾਲੇ, ਦਾਲਾਂ, ਆਟਾ, ਮਿਠਾਈਆਂ ਅਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਵਾਜਬ ਕੀਮਤਾਂ 'ਤੇ ਉਪਲੱਭਧ ਹੈ।

ਗਾਹਕਾਂ ਵੱਲੋਂ ਸਟੋਰ ਵਿੱਚ ਉਪਲਬਧ ਉੱਚ ਗੁਣਵੱਤਾ ਅਤੇ ਵੱਡੀ ਵਰਾਇਟੀ ਦੀ ਖੂਬ ਪ੍ਰਸ਼ੰਸਾ ਕੀਤੀ ਗਈ। ਸਟੋਰ ਦੇ ਅੰਦਰ ਸਥਿਤ 'ਹਮਜ਼ਾ ਮੀਟ ਮਾਰਕੀਟ' ਵਿੱਚ ਸ਼ੁੱਧ ਜ਼ਬੀਹਾ ਹਲਾਲ ਗੋਸ਼ਟ ਦੀ ਵਿਸ਼ੇਸ਼ ਸਹੂਲਤ ਵੀ ਦਿੱਤੀ ਗਈ ਹੈ, ਜਿਸ ਨਾਲ ਮੁਸਲਿਮ ਭਾਈਚਾਰੇ ਵਿੱਚ ਵੀ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲੀ।

ਇਸ ਤੋਂ ਇਲਾਵਾ 'ਆਪਣਾ ਕੈਫੇ ਐਂਡ ਕਿਚਨ' ਵਿੱਚ ਦੇਸੀ ਖਾਣਿਆਂ ਦੀ ਖਾਸ ਵਰਾਇਟੀ ਲੋਕਾਂ ਲਈ ਖਿੱਚ ਦਾ ਕੇਂਦਰ ਬਣੀ ਰਹੀ। ਸਮਾਗਮ ਦੌਰਾਨ ਆਏ ਹੋਏ ਮਹਿਮਾਨਾਂ ਅਤੇ ਗ੍ਰਾਹਕਾਂ ਲਈ ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਉਦਘਾਟਨ ਮੌਕੇ ਪਹਿਲੇ 100 ਗਾਹਕਾਂ ਲਈ ਖਾਸ ਆਫਰ ਵੀ ਰੱਖੀ ਗਈ, ਜਿਸ ਤਹਿਤ 100 ਡਾਲਰ ਦੀ ਖਰੀਦਦਾਰੀ 'ਤੇ ਇੱਕ ਗੈਲਨ ਦੁੱਧ ਮੁਫ਼ਤ ਦਿੱਤਾ ਗਿਆ।

ਸਟੋਰ ਪ੍ਰਬੰਧਕਾਂ ਨੇ ਦੱਸਿਆ ਕਿ 'ਆਪਣਾ ਬਾਜ਼ਾਰ' ਦਾ ਮੁੱਖ ਮਕਸਦ ਲੋਕਾਂ ਨੂੰ ਇੱਕੋ ਥਾਂ 'ਤੇ ਵਧੀਆ ਕੁਆਲਿਟੀ, ਤਾਜ਼ਗੀ ਅਤੇ ਵਾਜਬ ਕੀਮਤਾਂ 'ਤੇ ਹਰ ਤਰ੍ਹਾਂ ਦਾ ਦੇਸੀ ਸਮਾਨ ਉਪਲਬਧ ਕਰਵਾਉਣਾ ਹੈ।

ਇਸ ਪੂਰੇ ਸਮਾਰੋਹ ਦੀ ਵਿਸ਼ੇਸ਼ ਕਵਰੇਜ ਆਪਣਾ ਪੰਜਾਬ ਮੀਡੀਆ ਵੱਲੋਂ ਕੀਤੀ ਗਈ, ਜਦਕਿ ਹੋਰ ਪੰਜਾਬੀ ਅਤੇ ਅਮਰੀਕੀ ਮੀਡੀਆ ਅਦਾਰਿਆਂ ਵੱਲੋਂ ਵੀ ਇਸ ਸਮਾਗਮ ਨੂੰ ਖਾਸ ਤੌਰ 'ਤੇ ਕਵਰ ਕੀਤਾ ਗਿਆ।

ਵਰਣਯੋਗ ਹੈ ਕਿ ਜਸਵਿੰਦਰ ਜੋਹਲ ਅਤੇ ਦੀਪਕ ਭਾਰਦਵਾਜ ਨੇ ਆਏ ਹੋਏ ਮਹਿਮਾਨਾਂ, ਦੋਸਤਾਂ ਅਤੇ ਗ੍ਰਾਹਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਵਾਹਿਗੁਰੂ ਦੀ ਮੇਹਰ ਸਦਕਾ ਉਹ ਭਵਿੱਖ ਵਿੱਚ ਵੀ ਭਾਈਚਾਰੇ ਦੀ ਸੇਵਾ ਅਤੇ ਲੋਕਾਂ ਨੂੰ ਵਧੀਆ ਸੁਵਿਧਾਵਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਗੇ।






Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com




# ਗੌਰਵ ਧੀਰ ਨਾਲ ਕੋਈ ਬਿਜ਼ਨਸ ਸਬੰਧ ਨਹੀਂ: ਅਮਨ ਅਰੋੜਾ

## ED ਬਿਆਨ 'ਤੇ ਉਠਾਏ ਸਵਾਲ, ਕਿਹਾ- ਸਿਰਫ਼ ਦੋਸਤਾਨਾ ਰਿਸ਼ਤਾ



**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** Aman Arora ਨੇ ਕਿਹਾ ਹੈ ਕਿ ਮੈਸਰਜ਼ ਧੀਰ ਕੰਸਟਰੱਕਸ਼ਨ ਦੇ ਮਾਲਕ Gaurav Dhir ਨਾਲ ਉਨ੍ਹਾਂ ਦਾ ਕੋਈ ਬਿਜ਼ਨਸ ਸਬੰਧ ਨਹੀਂ, ਸਿਰਫ਼ ਦੋਸਤਾਨਾ ਰਿਸ਼ਤਾ ਹੈ। ਉਨ੍ਹਾਂ ਇਹ ਬਿਆਨ Enforcement Directorate (ED) ਦੀ ਛਾਪੇਮਾਰੀ ਤੋਂ ਬਾਅਦ ਆਏ ਵਿਵਾਦ 'ਤੇ ਦਿੱਤਾ।ਅਮਨ ਅਰੋੜਾ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਬਦਨਾਮ ਕਰਨ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ED ਦੇ ਪਹਿਲੇ ਬਿਆਨ ਵਿੱਚ ਨਾ ਤਾਂ ਗੌਰਵ ਧੀਰ ਦਾ ਨਾਮ ਸੀ ਅਤੇ ਨਾ ਹੀ ਉਨ੍ਹਾਂ ਦਾ, ਪਰ ਬਾਅਦ ਵਿੱਚ ਜਾਰੀ ਬਿਆਨ ਵਿੱਚ ਦੋਵਾਂ ਦੇ ਨਾਮ ਜੋੜੇ ਗਏ।ਉਨ੍ਹਾਂ ਕਿਹਾ ਕਿ ਉਹ ਹਰ ਤਰ੍ਹਾਂ ਦੀ ਜਾਂਚ ਲਈ ਤਿਆਰ ਹਨ ਅਤੇ ਲੋੜ ਪਈ ਤਾਂ ਆਪਣਾ ਮੋਬਾਈਲ ਫ਼ੋਨ ਵੀ ਫੋਰੈਂਸਿਕ ਜਾਂਚ ਲਈ ਦੇਣਗੇ। ਅਰੋੜਾ ਨੇ ਦਾਅਵਾ ਕੀਤਾ ਕਿ ਗੌਰਵ ਧੀਰ ਨਾਲ ਉਨ੍ਹਾਂ ਦੀ ਦੋਸਤੀ ਪਹਿਲਾਂ ਵੀ ਸੀ ਅਤੇ ਅੱਗੇ ਵੀ ਰਹੇਗੀ।

# PSEB Result Date: ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 10ਵੀਂ ਤੇ 12ਵੀਂ ਦੇ ਨਤੀਜਿਆਂ ਦੀਆਂ ਤਰੀਕਾਂ ਦਾ ਐਲਾਨ

## 10ਵੀਂ ਦਾ ਨਤੀਜਾ 11 ਮਈ ਅਤੇ 12ਵੀਂ ਦਾ 13 ਮਈ ਨੂੰ ਆਵੇਗਾ; ਬੋਰਡ ਨੇ ਮੁਕੰਮਲ ਕੀਤੀਆਂ ਤਿਆਰੀਆਂ

**ਐੱਸ.ਏ.ਐੱਸ. ਨਗਰ (ਮੁਹਾਲੀ):**ਆਪਣਾ ਪੰਜਾਬ ਮੀਡੀਆ: ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐੱਸ.ਈ.ਬੀ.) ਵੱਲੋਂ ਮਾਰਚ 2026 ਵਿੱਚ ਲਈਆਂ ਗਈਆਂ 10ਵੀਂ ਅਤੇ 12ਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਐਲਾਨਣ ਦੀ ਉਡੀਕ ਖ਼ਤਮ ਹੋਣ ਵਾਲੀ ਹੈ। ਬੋਰਡ ਪ੍ਰਸ਼ਾਸਨ ਨੇ ਅੱਜ ਅਧਿਕਾਰਤ ਤੌਰ 'ਤੇ ਨਤੀਜਿਆਂ ਦੀਆਂ ਤਰੀਕਾਂ ਸਪੱਸ਼ਟ ਕਰ ਦਿੱਤੀਆਂ ਹਨ। ਬੋਰਡ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ 10ਵੀਂ ਸ਼੍ਰੇਣੀ ਦਾ ਨਤੀਜਾ 11 ਮਈ ਨੂੰ ਐਲਾਨਿਆ ਜਾਵੇਗਾ, ਜਦੋਂ ਕਿ 12ਵੀਂ ਸ਼੍ਰੇਣੀ ਦਾ ਨਤੀਜਾ 13 ਮਈ ਨੂੰ ਜਾਰੀ ਹੋਵੇਗਾ। ਸਿੱਖਿਆ ਬੋਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਪ੍ਰੀਖਿਆਵਾਂ ਦੇ ਮੁਲਾਂਕਣ ਦਾ ਕੰਮ ਪਹਿਲਾਂ ਹੀ ਮੁਕੰਮਲ ਕਰ ਲਿਆ ਗਿਆ ਸੀ ਅਤੇ ਹੁਣ ਅੰਤਿਮ ਨਤੀਜੇ ਨੂੰ ਡਿਜੀਟਲ ਰੂਪ ਵਿੱਚ ਤਿਆਰ ਕਰ ਲਿਆ ਗਿਆ ਹੈ। ਦੱਸਣਯੋਗ ਹੈ ਕਿ ਲੱਖਾਂ ਵਿਦਿਆਰਥੀ ਇਨ੍ਹਾਂ ਨਤੀਜਿਆਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਨਤੀਜੇ ਘੋਸ਼ਿਤ ਹੋਣ ਤੋਂ ਬਾਅਦ ਵਿਦਿਆਰਥੀ ਬੋਰਡ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਆਪਣਾ ਰੋਲ ਨੰਬਰ ਭਰ ਕੇ ਨਤੀਜਾ ਦੇਖ ਸਕਣਗੇ।

# 'ਸ਼ੁਕਰਾਨਾ ਯਾਤਰਾ' ਦੌਰਾਨ ਟ੍ਰੈਫਿਕ ਪਾਬੰਦੀਆਂ 'ਤੇ ਵਿਵਾਦ

## ਹਸਪਤਾਲ ਦੇਰੀ ਨਾਲ ਪਹੁੰਚਣ ਕਾਰਨ ਗਰਭਪਾਤ ਦੇ ਲੱਗੇ ਦੋਸ਼





**ਅੰਮ੍ਰਿਤਸਰ:ਆਪਣਾ ਪੰਜਾਬ ਮੀਡੀਆ:** ਮਹਿਤਾ ਦੇ ਰਹਿਣ ਵਾਲੇ ਜੁਗਰਾਜ ਸਿੰਘ ਨੇ ਦੋਸ਼ ਲਗਾਇਆ ਹੈ ਕਿ ਮੁੱਖ ਮੰਤਰੀ Bhagwant Mann ਦੀ 'ਸ਼ੁਕਰਾਨਾ ਯਾਤਰਾ' ਦੌਰਾਨ ਲਗੀਆਂ ਟ੍ਰੈਫਿਕ ਪਾਬੰਦੀਆਂ ਕਾਰਨ ਉਸ ਦੀ ਗਰਭਵਤੀ ਪਤਨੀ ਨੂੰ ਸਮੇਂ ਸਿਰ ਹਸਪਤਾਲ ਨਹੀਂ ਪਹੁੰਚਾਇਆ ਜਾ ਸਕਿਆ, ਜਿਸ ਕਾਰਨ ਗਰਭਪਾਤ ਹੋ ਗਿਆ। ਜੁਗਰਾਜ ਸਿੰਘ ਮੁਤਾਬਕ ਸੜਕਾਂ ਬੰਦ ਹੋਣ ਅਤੇ ਟ੍ਰੈਫਿਕ ਡਾਇਵਰਸ਼ਨ ਕਾਰਨ ਹਸਪਤਾਲ ਪਹੁੰਚਣ ਵਿੱਚ 40 ਤੋਂ 50 ਮਿੰਟ ਦੀ ਦੇਰੀ ਹੋਈ। ਉਸ ਨੇ ਕਿਹਾ ਕਿ ਪਤਨੀ ਨੂੰ ਗੁਰੂ ਅਮਰ ਦਾਸ ਹਸਪਤਾਲ ਲਿਜਾਣ ਦੌਰਾਨ ਕਾਫ਼ੀ ਦਰਦ ਸਹਿਣਾ ਪਿਆ ਅਤੇ ਹਸਪਤਾਲ ਪਹੁੰਚਣ 'ਤੇ ਡਾਕਟਰਾਂ ਨੇ ਅਣਜੰਮੇ ਬੱਚੇ ਦੀ ਮੌਤ ਦੀ ਜਾਣਕਾਰੀ ਦਿੱਤੀ।ਇਸ ਮਾਮਲੇ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਤਿੱਖੀਆਂ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ ਹਨ। Sukhpal Singh Khaira ਸਮੇਤ ਕਈ ਆਗੂਆਂ ਨੇ ਸਰਕਾਰ ਦੀਆਂ ਟ੍ਰੈਫਿਕ ਵਿਵਸਥਾਵਾਂ 'ਤੇ ਸਵਾਲ ਚੁੱਕੇ ਹਨ।

# ਧਮਾਕਿਆਂ ਮਗਰੋਂ ਅੰਮ੍ਰਿਤਸਰ ਵਿੱਚ ਚੌਕਸੀ ਵਧਾਈ

## ਸ਼ਹਿਰ 'ਚ ਜਾਂਚ ਮੁਹਿੰਮ ਚਲਾਈ; ਹੋਟਲਾਂ ਤੇ ਗੈਸਟ ਹਾਊਸਾਂ 'ਚ ਤਲਾਸ਼ੀ ਲਈ



**ਅੰਮ੍ਰਿਤਸਰ:ਆਪਣਾ ਪੰਜਾਬ ਮੀਡੀਆ:** ਜਲੰਧਰ 'ਚ ਬੀ ਐੱਸ ਐੱਫ ਦੇ ਮੁੱਖ ਦਫ਼ਤਰ ਅਤੇ ਅੰਮ੍ਰਿਤਸਰ ਦੇ ਖਾਸਾ ਵਿਖੇ ਫੌਜੀ ਛਾਉਣੀ ਦੇ ਬਾਹਰ ਦੋ ਆਈ ਈ ਡੀ ਧਮਾਕਿਆਂ ਤੋਂ ਬਾਅਦ ਸਰਹੱਦੀ ਪੱਟੀ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਇਸ ਦੌਰਾਨ ਫੌਜੀ ਛਾਉਣੀ ਦੇ ਬਾਹਰ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਪੁਲੀਸ ਨੂੰ ਕੋਈ ਸਫਲਤਾ ਨਹੀਂ ਮਿਲੀ ਹੈ। ਅੱਜ ਮੁੱਖ ਮੰਤਰੀ ਦੀ ਆਮਦ ਕਾਰਨ ਅੰਮ੍ਰਿਤਸਰ ਤੋਂ ਇਲਾਵਾ ਹੋਰ ਜ਼ਿਲ੍ਹਿਆਂ ਦੀ ਪੁਲੀਸ ਵੀ ਇੱਥੇ ਮੁੱਖ ਮੰਤਰੀ ਦੀ ਸ਼ੁਕਰਾਨਾ ਯਾਤਰਾ ਦੇ ਸੁਰੱਖਿਆ ਪ੍ਰਬੰਧਾਂ ਲਈ ਤਾਇਨਾਤ ਰਹੀ। ਇਸ ਤੋਂ ਇਲਾਵਾ ਸੰਵੇਦਨਸ਼ੀਲ ਖੇਤਰਾਂ ਵਿੱਚ ਖਾਸ ਕਰਕੇ ਰਾਤਾਂ ਨੂੰ ਵਿਆਪਕ ਚੌਕਸੀ ਅਭਿਆਸ ਸ਼ੁਰੂ ਕੀਤੇ ਗਏ ਹਨ। ਸੰਭਾਵੀ ਅਪਰਾਧੀਆਂ ਅਤੇ ਸਮਾਜ ਵਿਰੋਧੀ ਤੱਤਾਂ ਦੀਆਂ ਸੂਚੀਆਂ ਵੀ ਤਿਆਰ ਕੀਤੀਆਂ ਗਈਆਂ ਹਨ। ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਸਿਵਲ ਪਹਿਰਾਵੇ ਵਿੱਚ ਪੁਲੀਸ ਟੀਮਾਂ ਨੂੰ ਸ਼ੱਕੀ ਵਾਹਨਾਂ, ਖਾਸ ਕਰਕੇ ਦੋਪਹੀਆ ਵਾਹਨਾਂ ਅਤੇ ਕਾਰਾਂ ਆਦਿ ਦੀ ਜਾਂਚ ਲਈ ਵੀ ਤਾਇਨਾਤ ਕੀਤਾ ਗਿਆ ਹੈ ਜੋ ਅਪਰਾਧਿਕ ਗਤੀਵਿਧੀਆਂ ਵਿੱਚ ਵਰਤੀਆਂ ਜਾ ਸਕਦੀਆਂ ਹਨ।

# ਈਡੀ ਛਾਪਿਆਂ ਨਾਲ ਪੰਜਾਬ ਦੀ ਸਿਆਸਤ ਗਰਮਾਈ






## ਵਿਰੋਧੀ ਧਿਰਾਂ ਨੇ 'ਆਪ' ਸਰਕਾਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ

**ਚੰਡੀਗੜ੍ਹ/ਆਪਣਾ ਪੰਜਾਬ ਮੀਡੀਆ:** Enforcement Directorate (ED) ਦੀਆਂ ਛਾਪੇਮਾਰੀਆਂ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਤਣਾਅ ਵਧ ਗਿਆ ਹੈ।ਵਿਰੋਧੀ ਧਿਰਾਂ ਨੇ ਸੱਤਾਧਿਰ Aam Aadmi Party 'ਤੇ ਤਿੱਖੇ ਹਮਲੇ ਕਰਦੇ ਹੋਏ ਮਨੀ ਲਾਂਡਰਿੰਗ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਹਨ।

ਪੰਜਾਬ ਕਾਂਗਰਸ ਪ੍ਰਧਾਨ Amrinder Singh Raja Warring ਨੇ ਕਿਹਾ ਕਿ ਸੱਤਾ ਧਿਰ ਦੇ ਕਰੀਬੀ ਵਿਅਕਤੀਆਂ ਦੇ ਟਿਕਾਣਿਆਂ 'ਤੇ ਹੋਈ ਛਾਪੇਮਾਰੀ ਅਤੇ ਨੋਟਾਂ ਦੇ ਬੰਡਲਾਂ ਦੀਆਂ ਤਸਵੀਰਾਂ ਨੇ 'ਕੱਟੜ ਇਮਾਨਦਾਰ' ਸਰਕਾਰ ਦੇ ਦਾਅਵਿਆਂ ਦੀ ਹਕੀਕਤ ਸਾਹਮਣੇ ਲਿਆ ਦਿੱਤੀ ਹੈ। ਉਨ੍ਹਾਂ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ।


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.




Copyright: Apna Punjab Media 2025-26


Graphic & Design: Apna Punjab Media Team




**ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ**

**ਵਲੋਂ**

**ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ**



# ਮੁਗਲਾਂ ਦਾ ਰਾਜ



ਮੀਰਵੈਸ ਖਾਨ



ਅਹਿਮਦ ਖਾਨ ਸਦੋਜ਼ਈ (ਦੁਰਾਨੀ)



ਬਾਬਰ ਨੂੰ ਕਾਬੁਲ ਅਤੇ ਉਥੋਂ ਦਾ ਮੌਸਮ ਬਹੁਤ ਪਸੰਦ ਸੀ।

ਉਸ ਨੇ ਕਾਬੁਲ ਨੂੰ 1526 ਤੀਕ ਰਾਜਧਾਨੀ ਬਣਾਇਆ। ਜਦੋਂ ਬਾਬਰ ਦਿੱਲੀ ਵੱਲ ਚਲਾ ਗਿਆ ਤਾਂ ਦਿਲੀ ਤੋਂ ਹੀ ਸਾਰਾ ਕੰਟਰੋਲ ਕਰਦਾ ਰਿਹਾ।

ਇਸ ਦੌਰਾਨ ਮੁਗਲਾਂ ਅਤੇ ਪਠਾਣਾਂ ਦੀ ਲੜਾਈ ਸਮੇਂ ਸਮੇਂ ਵਿਚ ਕਈ ਇਲਾਕਿਆਂ ਤੇ ਹੁੰਦੀ ਰਹੀ ਹੈ ਜਿਸਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਜ਼ਿਕਰ

ਕੀਤਾ ਹੈ ਜਿਸ ਤਰ੍ਹਾਂ

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥

ਕੁਝ ਸਮੇਂ ਲਈ ਗਿਲਜ਼ਈ ਕੌਮ ਪਸ਼ਤੂਨਾਂ ਦਾ ਲੀਡਰ ਜਨਰਲ ਮੀਰਵੈਸ ਖਾਨ ਹੌਤਕ ਦੇ ਛਤਰ ਛਾਇਆ ਹੇਠ


ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
APNA PUNJAB MEDIA
Journalism With Guts to Tell It Like It Is!


ਸੰਨ 1709 ਵਿਚ ਪਾਰਸ ਤੇ ਹਮਲਾ ਕਰਕੇ ਬਹੁਤ ਸਾਰਾ ਪਰਸ਼ੀਅਨ ਦਾ ਹਿੱਸਾ ਆਪਣੇ ਕਬਜ਼ੇ ਵਿਚ ਕਰ ਲਿਆ ਪਰ ਆਪਣੇ ਅੰਦਰੂਨੀ ਝਗੜੇ ਅਤੇ ਲਗਾਵਟ ਕਾਰਨ ਸਿਰਫ਼ ਈਰਾਨ ਦਾ ਹਿੱਸਾ ਨਹੀਂ ਬਲਕਿ ਕੰਧਾਰ ਵੀ ਨਾਦਰ ਸ਼ਾਹ ਅਫ਼ਸ਼ਾਰ ਦੇ ਹੱਥੋਂ ਹਾਰ ਗਿਆ।

ਨਾਦਿਰ ਸ਼ਾਹ ਅਫ਼ਸ਼ਾਰ ਨੇ ਪਠਾਣਾਂ ਨੂੰ ਜਲਾਲਾਬਾਦ ਦੇ ਹਿਸੇ ਵਿਚ ਸ਼ਿਕਸਤ ਦੇਕੇ ਖੈਬਰਪਾਸ ਰਾਹੀਂ ਦਿੱਲੀ ਵੱਲ ਕੂਚ ਕੀਤਾ ਅਤੇ ਕੋਹਿਨੂਰ ਹੀਰਾ ਤੇ ਕਈ ਕੀਮਤੀ ਚੀਜ਼ਾਂ ਲੁੱਟ ਲਈਆਂ।

Cont...


ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1918 | SATURDAY MAY 09, 2026


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਇਰਾਨ ਹਰਮੁਜ਼ ਜਲ ਮਾਰਗ ਛੇਤੀ ਖੋਲ੍ਹੇ: ਚੀਨ

## ਚੀਨੀ ਹਮਰੁਤਬਾ ਵਾਂਗ ਯੀ ਨੂੰ ਮਿਲੇ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗ਼ਚੀ



**ਪੇਈਚਿੰਗ : ਆਪਣਾ ਪੰਜਾਬ ਮੀਡੀਆ :** ਚੀਨ ਨੇ ਬੁੱਧਵਾਰ ਨੂੰ ਇਰਾਨ ਨੂੰ ਸੱਦਾ ਦਿੱਤਾ ਕਿ ਉਹ 'ਜਿੰਨਾ ਛੇਤੀ ਹੋ ਸਕੇ' ਹਰਮੁਜ਼ ਜਲ ਮਾਰਗ ਖੋਲ੍ਹੇ; ਹਾਲਾਂਕਿ ਪੇਈਚਿੰਗ ਨੇ ਪਰਮਾਣੂ ਹਥਿਆਰ ਨਾ ਵਿਕਸਤ ਕਰਨ ਦੀ ਤਹਿਰਾਨ ਦੀ ਵਚਨਬੱਧਤਾ ਦਾ ਤਾਰੀਫ਼ ਕੀਤੀ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਅੱਜ ਆਪਣੇ ਇਰਾਨੀ ਹਮਰੁਤਬਾ ਅੱਬਾਸ ਅਰਾਗ਼ਚੀ ਨੂੰ ਮਿਲੇ। ਬੈਠਕ ਦੌਰਾਨ ਯੀ ਨੇ ਅਰਾਗ਼ਚੀ ਨੂੰ ਕਿਹਾ ਕਿ ਹਰਮੁਜ਼ ਜਲ ਮਾਰਗ ਦੇ ਮੁੱਦੇ ਬਾਰੇ ਕੌਮਾਂਤਰੀ ਭਾਈਚਾਰੇ ਦੇ ਇਕੋ ਜਿਹੇ ਸਰੋਕਾਰ ਹਨ। ਸਾਰੇ ਇਹੀ ਚਾਹੁੰਦੇ ਹਨ ਕਿ ਰਣਨੀਤਕ ਪੱਖੋਂ ਅਹਿਮ ਜਲ ਮਾਰਗ ਖੁੱਲ੍ਹੇ, ਬੇੜਿਆਂ ਦੀ ਆਵਾਜਾਈ ਬਹਾਲ ਹੋਵੇ ਤੇ ਸੁਰੱਖਿਅਤ ਨੈਵੀਗੇਸ਼ਨ ਯਕੀਨੀ ਬਣੇ। ਚੀਨ ਆਸ ਕਰਦਾ ਹੈ ਕਿ ਸਾਰੀਆਂ ਸਬੰਧਤ ਧਿਰਾਂ ਕੌਮਾਂਤਰੀ ਭਾਈਚਾਰੇ ਵੱਲੋਂ ਦਿੱਤੇ ਸੱਦੇ ਨੂੰ ਛੇਤੀ ਤੋਂ ਛੇਤੀ ਅਮਲੀ ਰੂਪ ਦੇਣਗੀਆਂ।" ਇਥੇ ਅਹਿਮ ਹੈ ਕਿ ਵਾਂਗ ਨੇ ਇਰਾਨ ਦੀ ਪਰਮਾਣੂ ਹਥਿਆਰ ਵਿਕਸਤ ਨਾ ਕਰਨ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। ਟਰੰਪ ਲਗਾਤਾਰ ਮੰਗ ਕਰਦੇ ਰਹੇ ਹਨ ਕਿ ਇਰਾਨ ਆਪਣੇ ਸੋਧੇ ਹੋਏ ਯੂਰੇਨੀਅਮ ਭੰਡਾਰ ਅਮਰੀਕਾ ਨੂੰ ਸੌਂਪ ਦੇਵੇ ਅਤੇ 20 ਸਾਲਾਂ ਤੱਕ ਪਰਮਾਣੂ ਹਥਿਆਰ ਵਿਕਸਤ ਨਾ ਕਰਨ ਦਾ ਵਾਅਦਾ ਕਰੇ। ਪੇਈਚਿੰਗ ਦੇ ਆਪਣੇ ਪਲੇਠੇ ਦੌਰੇ 'ਤੇ ਆਏ ਅਰਾਗ਼ਚੀ ਨੇ ਵਾਂਗ ਨੂੰ ਜੰਗ ਦੇ ਖ਼ਾਤਮੇ ਲਈ ਵਾਸ਼ਿੰਗਟਨ ਨਾਲ ਜਾਰੀ ਗੱਲਬਾਤ ਬਾਰੇ ਦੱਸਿਆ।

# Suriname ਨੂੰ ਪਰਿਵਾਰ ਵਾਂਗ ਦੇਖਦਾ ਹੈ ਭਾਰਤ: ਐਸ ਜੈਸ਼ੰਕਰ

## ਦੋਵੇਂ ਦੇਸ਼ਾਂ ਦੇ ਕੂਟਨੀਤਕ ਸਬੰਧਾਂ ਦੇ 50 ਸਾਲ ਪੂਰੇ ਹੋਣ ਦੇ ਜਸ਼ਨ



**ਪਾਰਾਮਾਰੀਬੋ : ਆਪਣਾ ਪੰਜਾਬ ਮੀਡੀਆ :** ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਭਾਰਤ, ਸੂਰੀਨਾਮ ਨੂੰ ਕਿਸੇ ਦੂਰ ਦੇ ਭਾਈਵਾਲ ਵਜੋਂ ਨਹੀਂ ਬਲਕਿ ਪਰਿਵਾਰ ਵਾਂਗ ਦੇਖਦਾ ਹੈ। ਦੋਵੇਂ ਦੇਸ਼ ਆਪਣੇ ਸਫ਼ਾਰਤੀ ਰਿਸ਼ਤਿਆਂ ਦੇ 50 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਹੇ ਹਨ।

ਅੱਜ ਸੂਰੀਨਾਮ ਦੇ ਆਪਣੇ ਦੌਰੇ ਤੋਂ ਪਹਿਲਾਂ 'ਟਾਈਮਜ਼ ਆਫ਼ ਸੂਰੀਨਾਮ' ਅਖ਼ਬਾਰ ਵਿੱਚ ਲਿਖਦਿਆਂ ਜੈਸ਼ੰਕਰ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਸਬੰਧ ਹੁਣ ਬੁਨਿਆਦੀ ਢਾਂਚੇ, ਵਪਾਰ, ਸਿਖਲਾਈ ਅਤੇ ਸੱਭਿਆਚਾਰਕ ਖੇਤਰਾਂ ਤੱਕ ਫੈਲ ਕੇ ਮਜ਼ਬੂਤ ਅਤੇ ਬਹੁ-ਪੱਖੀ ਰੁਝੇਵੇਂ ਵਿੱਚ ਬਦਲ ਗਏ ਹਨ। ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਸੂਰੀਨਾਮ ਨੇ ਉੱਚ-ਪੱਧਰੀ ਦੌਰਿਆਂ ਰਾਹੀਂ ਸਹਿਯੋਗ ਨੂੰ ਮਜ਼ਬੂਤ ਕੀਤਾ ਹੈ। ਇਸ ਵਿੱਚ ਸੂਰੀਨਾਮ ਦੇ ਸਾਬਕਾ ਰਾਸ਼ਟਰਪਤੀ ਚੰਦਰਿਕਾਪ੍ਰਸਾਦ ਸੰਤੋਖੀ ਦਾ 2023 ਵਿੱਚ ਭਾਰਤੀ ਪਰਵਾਸੀਆਂ ਦੇ ਸਮਾਗਮ ਲਈ ਭਾਰਤ ਦੌਰਾ ਅਤੇ ਉਸ ਤੋਂ ਬਾਅਦ ਉਸੇ ਸਾਲ ਭਾਰਤੀ ਰਾਸ਼ਟਰਪਤੀ ਦਰੋਪਦੀ ਮੁਰਮੂ ਦਾ ਸੂਰੀਨਾਮ ਦੌਰਾ ਸ਼ਾਮਲ ਹੈ।

# ਇਮਰਾਨ ਖਾਨ ਦੇ ਵਕੀਲ ਵੱਲੋਂ Al Qadir case ਵਿੱਚ ਸੁਣਵਾਈ ਮੁਲਤਵੀ ਕਰਨ ਦੀ ਮੰਗ



**ਇਸਲਾਮਾਬਾਦ : ਆਪਣਾ ਪੰਜਾਬ ਮੀਡੀਆ :** ਮੀਡੀਆ ਰਿਪੋਰਟ ਅਨੁਸਾਰ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਦੇ ਵਕੀਲ ਨੇ ਬੁੱਧਵਾਰ ਨੂੰ 190 ਮਿਲੀਅਨ ਪੌਂਡ ਦੇ ਅਲ ਕਾਦਿਰ ਕੇਸ ਵਿੱਚ ਹਾਈ ਕੋਰਟ ਵਿੱਚ ਸੁਣਵਾਈ ਤੋਂ ਇੱਕ ਦਿਨ ਪਹਿਲਾਂ ਸੁਣਵਾਈ ਮੁਲਤਵੀ ਕਰਨ ਦੀ ਮੰਗ ਕੀਤੀ ਹੈ।

ਖਾਨ ਅਤੇ ਬੁਸ਼ਰਾ, ਜਿਨ੍ਹਾਂ ਨੂੰ ਪਿਛਲੇ ਸਾਲ ਇਸ ਕੇਸ ਵਿੱਚ ਕ੍ਰਮਵਾਰ 14 ਅਤੇ ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ, ਨੇ ਆਪਣੀ ਸਜ਼ਾ ਨੂੰ ਇਸਲਾਮਾਬਾਦ ਹਾਈ ਕੋਰਟ (IHC) ਵਿੱਚ ਚੁਣੌਤੀ ਦਿੱਤੀ ਸੀ। ਇਸ ਹਫ਼ਤੇ ਦੇ ਸ਼ੁਰੂ ਵਿੱਚ ਸਜ਼ਾ ਦੇ ਵਿਰੁੱਧ ਅਪੀਲਾਂ ਦੀ ਸੁਣਵਾਈ ਲਈ 7 ਮਈ ਦੀ ਤਰੀਕ ਤੈਅ ਕੀਤੀ ਗਈ ਸੀ।

ਰਿਪੋਰਟ ਅਨੁਸਾਰ ਇਸਲਾਮਾਬਾਦ ਹਾਈ ਕੋਰਟ ਦੇ ਸਾਹਮਣੇ ਦਾਇਰ ਇੱਕ ਅਰਜ਼ੀ ਵਿੱਚ ਬੈਰਿਸਟਰ ਸਲਮਾਨ ਸਫ਼ਦਰ, ਖਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਜਨਰਲ ਸਕੱਤਰ ਸਲਮਾਨ ਅਕਰਮ ਰਾਜਾ ਅਤੇ ਸਰਮਦ ਮੁਨੀਬ ਨੇ ਕਿਹਾ ਕਿ ਉਹ ਸਜ਼ਾ ਦੇ ਵਿਰੁੱਧ ਮੁੱਖ ਅਪੀਲਾਂ 'ਤੇ ਬਹਿਸ ਕਰਨ ਲਈ ਅਧਿਕਾਰਤ ਨਹੀਂ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸ਼ਮੂਲੀਅਤ ਸਿਰਫ਼ ਸਜ਼ਾ ਨੂੰ ਮੁਅੱਤਲ ਕਰਨ ਦੀਆਂ ਅਰਜ਼ੀਆਂ 'ਤੇ ਬਹਿਸ ਕਰਨ ਤੱਕ ਸੀਮਤ ਸੀ।

ਵਕੀਲਾਂ ਨੇ ਕਿਹਾ ਕਿ ਵਾਰ-ਵਾਰ ਕੋਸ਼ਿਸ਼ਾਂ ਦੇ ਬਾਵਜੂਦ ਰਾਵਲਪਿੰਡੀ ਦੀ ਅਡਿਆਲਾ ਜੇਲ੍ਹ, ਜਿੱਥੇ ਸਾਬਕਾ ਫਸਟ ਕਪਲ (ਪਤੀ-ਪਤਨੀ) ਕੈਦ ਹਨ, ਦੇ ਅਧਿਕਾਰੀਆਂ ਨੇ ਹਦਾਇਤਾਂ ਲੈਣ ਜਾਂ ਨਵੇਂ ਪਾਵਰ ਆਫ਼ ਅਟਾਰਨੀ (ਵਕਾਲਤਨਾਮਾ) ਲੈਣ ਲਈ ਮੁਲਾਕਾਤਾਂ ਦੀ ਸਹੂਲਤ ਨਹੀਂ ਦਿੱਤੀ ਸੀ। ਰਿਪੋਰਟ ਵਿੱਚ ਅਰਜ਼ੀ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ, "ਹੇਠ ਲਿਖੇ ਹਸਤਾਖਰ ਕਰਤਾ ਉਚਿਤ ਹਦਾਇਤਾਂ, ਰਸਮੀ ਸ਼ਮੂਲੀਅਤ ਅਤੇ ਲੋੜੀਂਦੇ ਪਾਵਰ ਆਫ਼ ਅਟਾਰਨੀ ਦੀ ਅਣਹੋਂਦ ਵਿੱਚ ਅੱਗੇ ਵਧਣ ਵਿੱਚ ਅਸਮਰੱਥਾ ਪ੍ਰਗਟ ਕਰਦੇ ਹਨ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1918 | SATURDAY MAY 09, 2026

# NEW YORK

Indian PASSPORT & VISA SERVICE



# PASSPORT VISA & IMMIGRATION ASSISTANCE

OUR BEST SERVICE

## Immigration Form Fill Out

- Citizenship Application
- Relative Petition
- Re-Entry Permit
- Affidavit of Support
- Adjustment of Status
- Visa Extension
- Advance Parole
- Condition Removal
- Work Authorization
- Travel document, etc

## Travel/ Flight Tickets

- All Domestic & International Ticketing

## Passport- Visa

- Passport Renewal
- OCI
- Sponsorship
- UK Visa
- China Visa
- Visa
- Renunciation
- USA Passport
- Scahenegen Visa
- Pakistan Visa
- Guyana Passport
- Renewal
- Renunciation
- USA Passport
- Scahenegen Visa
- Pakistan Visa
- Guyana Passport
- Renewal

## Miscellaneous Service

- Translation Services: Punjabi to English, Hindi & Hindi , English to Punjabi
- Power of Attorney
- Pan Card



## Tax & Accounting, E Filing, Corporate Taxes

- E-Filing
- Individual Income Tax of all U.S States
- Current Year & All prior Years Tax Returns
- Self Employed Taxes
- Business Tax, Corporate Tax, Sales Tax
- Employee payroll & Book Keeping Services

More info : 347 956 0721 917 396 8699

info@indianpassportcenter.com www.indianpassportcenter.com

97-28 Lefferts Blvd South Richmond Hill NY 11419


Copyright: Apna Punjab Media 2025-26


ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਕੈਨੇਡਾ 'ਚ ਖਾਲਿਸਤਾਨੀ ਨੈੱਟਵਰਕਾਂ ਦੇ ਖਤਰੇ ਨੂੰ CSIS ਨੇ ਮੰਨਿਆ: ਭਾਰਤ

## ਕੈਨੇਡਾ ਦੇ ਦਖ਼ਲਅੰਦਾਜ਼ੀ ਵਾਲੇ ਦੋਸ਼ਾਂ ਨੂੰ ਭਾਰਤ ਨੇ ਦੱਸਿਆ ਬੇਬੁਨਿਆਦ



**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਭਾਰਤ ਨੇ ਕੈਨੇਡੀਅਨ ਖੁਫੀਆ ਰਿਪੋਰਟ ਵਿੱਚ ਲਗੇ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਦੋਸ਼ਾਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ Randhir Jaiswal ਨੇ ਕਿਹਾ ਕਿ ਭਾਰਤ ਹਮੇਸ਼ਾ ਹੋਰ ਦੇਸ਼ਾਂ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਦਾ ਹੈ ਅਤੇ ਕਿਸੇਦੇਅੰਦਰੂਨੀਮਾਮਲਿਆਂ ਵਿੱਚ ਦਖ਼ਲ ਨਹੀਂ ਦਿੰਦਾ। ਭਾਰਤ ਨੇ ਕੈਨੇਡੀਅਨ ਸੁਰੱਖਿਆ ਖੁਫੀਆ ਏਜੰਸੀ Canadian Security Intelligence Service (CSIS) ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਵਿੱਚ ਕੈਨੇਡਾ ਅੰਦਰ ਸਰਗਰਮ ਖਾਲਿਸਤਾਨੀ ਕੱਟੜਪੰਥੀ ਨੈੱਟਵਰਕਾਂ ਦੇ ਵਧ ਰਹੇ ਖਤਰੇ ਨੂੰ ਮੰਨਿਆ ਗਿਆ ਹੈ। ਰਿਪੋਰਟ ਮੁਤਾਬਕ ਇਹ ਤੱਤ ਲੋਕਤੰਤਰੀ ਆਜ਼ਾਦੀ ਦਾ ਫਾਇਦਾ ਚੁੱਕਦੇ ਹੋਏ ਫੰਡ ਇਕੱਠੇ ਕਰਦੇ ਅਤੇ ਹਿੰਸਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦੇ ਹਨ, ਜੋ ਭਾਰਤ ਦੇ ਨਾਲ-ਨਾਲ ਕੈਨੇਡਾ ਦੀ ਸੁਰੱਖਿਆ ਲਈ ਵੀ ਚਿੰਤਾ ਦਾ ਵਿਸ਼ਾ ਹਨ।

# ਜਦੋਂ ਤੱਕ ਪਾਕਿਸਤਾਨ ਦਹਿਸ਼ਤਗਰਦੀ ਨੂੰ ਸਰਪ੍ਰਸਤੀ ਦੇਣਾ ਬੰਦ ਨਹੀਂ ਕਰਦਾ, ਸਿੰਧੂ ਜਲ ਸੰਧੀ ਰਹੇਗੀ ਮੁਅੱਤਲ : ਭਾਰਤ ਸਰਕਾਰ



**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਭਾਰਤ ਸਰਕਾਰ ਨੇ ਵੀਰਵਾਰ ਨੂੰ ਸਪਸ਼ਟ ਕੀਤਾ ਕਿ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ ਉਦੋਂ ਤੱਕ ਮੁਅੱਤਲ ਰਹੇਗੀ, ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰੋਂ ਹੋਣ ਵਾਲੇ ਅਤਿਵਾਦ ਨੂੰ ਪੂਰੀ ਤਰ੍ਹਾਂ ਅਤੇ ਹਮੇਸ਼ਾ ਲਈ ਬੰਦ ਨਹੀਂ ਕਰ ਦਿੰਦਾ।

ਕੇਂਦਰ ਸਰਕਾਰ ਵੱਲੋਂ ਇਹ ਗੱਲ 'ਅਪਰੇਸ਼ਨ ਸਿੰਧੂਰ' ਦੀ ਪਹਿਲੀ ਵਰ੍ਹੇਗੰਢ ਮੌਕੇ ਕਹੀ ਗਈ ਹੈ। ਹਫ਼ਤਾਵਾਰੀ ਮੀਡੀਆ ਬ੍ਰੀਫਿੰਗਨੂੰਸੰਬੋਧਨਕਰਦਿਆਂ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅੱਜ ਅਸੀਂ 'ਅਪਰੇਸ਼ਨ ਸਿੰਧੂਰ' ਦੀ ਪਹਿਲੀ ਵਰ੍ਹੇਗੰਢ ਮਨਾ ਰਹੇ ਹਾਂ। ਪੂਰੀ ਦੁਨੀਆ ਨੇ ਪਹਿਲਗਾਮ ਅਤਿਵਾਦੀ ਹਮਲੇ ਦਾ ਅਸਲ ਰੂਪ ਦੇਖਿਆ ਸੀ ਅਤੇ ਅਸੀਂ ਪਾਕਿਸਤਾਨ ਵੱਲੋਂ ਸਰਹੱਦ ਪਾਰਲੇ ਅਤਿਵਾਦ ਨੂੰ ਦਿੱਤੀ ਜਾਂਦੀ ਸਰਪ੍ਰਸਤੀ ਦਾ ਮੂੰਹਤੋੜ ਜਵਾਬ ਦਿੱਤਾ ਸੀ।"ਉਨ੍ਹਾਂ ਕਿਹਾ ਕਿ ਪੂਰੀ ਦੁਨੀਆ ਜਾਣਦੀ ਹੈ ਕਿ ਪਾਕਿਸਤਾਨ ਲੰਮੇ ਸਮੇਂ ਤੋਂ ਅਤਿਵਾਦ ਨੂੰ ਆਪਣੀ ਸਰਕਾਰੀ ਨੀਤੀ ਵਜੋਂ ਵਰਤ ਰਿਹਾ ਹੈ। ਭਾਰਤ ਕੋਲ ਦਹਿਸ਼ਤਗਰਦੀ ਵਿਰੁੱਧ ਆਪਣੀ ਰੱਖਿਆ ਕਰਨ ਦਾ ਪੂਰਾ ਹੱਕ ਹੈ ਅਤੇ ਅਸੀਂ ਦੁਨੀਆ ਭਰ ਵਿੱਚ ਅਤਿਵਾਦ ਖ਼ਿਲਾਫ਼ ਲੜਾਈ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਦੇ ਰਹਾਂਗੇ।

# ਸੋਸ਼ਲ ਮੀਡੀਆ ਰਾਹੀਂ ਨਾਬਾਲਗਾਂ ਨੂੰ 'ਕੰਟਰੈਕਟ ਕਿਲਰ' ਬਣਾ ਰਹੇ ਵਿਦੇਸ਼ੀ ਗੈਂਗਸਟਰ; Chandigarh Police ਵੱਲੋਂ ਵੱਡਾ ਖੁਲਾਸਾ




**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਵਿਦੇਸ਼ੀ ਗੈਂਗਸਟਰ ਸੋਸ਼ਲ ਮੀਡੀਆ ਰਾਹੀਂ ਕਮਜ਼ੋਰ ਨੌਜਵਾਨਾਂ ਨੂੰ ਕੰਟਰੈਕਟ ਕਿਲਰ (ਭਾੜੇ ਦੇ ਕਾਤਲ) ਵਜੋਂ ਕੱਟੜਪੰਥੀ ਬਣਾ ਰਹੇ ਹਨ।

ਇਸ ਸਬੰਧੀ ਇੱਕ ਭਿਆਨਕ ਖੁਲਾਸੇ ਵਿੱਚ ਚੰਡੀਗੜ੍ਹ ਪੁਲੀਸ ਨੇ ਇੱਕ 12ਵੀਂ ਜਮਾਤ ਦੇ ਵਿਦਿਆਰਥੀ – ਜੋ ਕਿ ਇੱਕ ਨਾਬਾਲਗ ਹੈ – ਨੂੰ ਕਾਬੂ ਕੀਤਾ ਹੈ।

ਉਹ ਵਿਦੇਸ਼ ਤੋਂ ਕੰਮ ਕਰ ਰਹੇ ਦੋ ਗੈਂਗਸਟਰਾਂ ਦੇ ਨਿਰਦੇਸ਼ਾਂ 'ਤੇ ਤਰਨਤਾਰਨ ਜ਼ਿਲ੍ਹੇ ਦੇ ਪੱਟੀ ਵਿੱਚ ਇੱਕ ਕਤਲ ਕਰਨ ਲਈ ਜਾ ਰਿਹਾ ਸੀ, ਜਿਸ ਨਾਲ ਖੇਤਰ ਵਿੱਚ ਗੈਂਗ ਨਾਲ ਸਬੰਧਤ ਇੱਕ ਹੋਰ ਸੰਭਾਵੀ ਕਤਲ ਨੂੰ ਨਾਕਾਮ ਕਰ ਦਿੱਤਾ ਗਿਆ।ਪੰਜਾਬ ਦੇ ਰਹਿਣ ਵਾਲੇ ਇਸ ਨਾਬਾਲਗ ਨੂੰ ਚੰਡੀਗੜ੍ਹ ਪੁਲੀਸ ਦੀ ਅਪਰੇਸ਼ਨ ਸੈੱਲ ਦੀ ਟੀਮ ਨੇ 6 ਮਈ ਨੂੰ ਯੂਟੀ (UT) ਖੇਤਰ ਵਿੱਚ ਰੁਟੀਨ ਗਸ਼ਤ ਦੌਰਾਨ ਗੁਪਤ ਸੂਚਨਾ ਅਤੇ ਤਕਨੀਕੀ ਵਿਸ਼ਲੇਸ਼ਣ ਦੇ ਆਧਾਰ 'ਤੇ ਰੋਕਿਆ।

ਉਹ ਵਿਦੇਸ਼ ਤੋਂ ਕੰਮ ਕਰ ਰਹੇ ਗੈਂਗਸਟਰਾਂ ਪ੍ਰਭ ਦਾਸੂਵਾਲ ਅਤੇ ਗੁਰਵਿੰਦਰ ਸਿੰਘ ਉਰਫ ਅਫਰੀਦੀ ਟੂਟਾਂਵਾਲਾ ਨਾਲ ਸਰਗਰਮ ਸੰਪਰਕ ਵਿੱਚ ਪਾਇਆ ਗਿਆ ਅਤੇ ਸੌਂਪੇ ਗਏ ਕਤਲ ਨੂੰ ਅੰਜਾਮ ਦੇਣ ਲਈ 5 ਮਈ ਨੂੰ ਆਪਣੇ ਘਰੋਂ ਨਿਕਲਿਆ ਸੀ।

# ਕੀ ਹੈ 'Hantavirus', ਜਿਸ ਨੇ ਵਧਾਈ ਦੁਨੀਆ ਦੀ ਚਿੰਤਾ, WHO ਨੇ ਜਾਰੀ ਕੀਤਾ ਅਲਰਟ




**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** World Health Organization ਨੂੰ ਯੂਨਾਈਟਿਡ ਕਿੰਗਡਮ ਵੱਲੋਂ ਇੱਕ ਕਰੂਜ਼ ਜਹਾਜ਼ 'ਚ ਫੈਲੀ ਗੰਭੀਰ ਸਾਹ ਬਿਮਾਰੀ ਬਾਰੇ ਜਾਣਕਾਰੀ ਦਿੱਤੀ ਗਈ ਹੈ।

147 ਯਾਤਰੀਆਂ ਵਾਲੇ ਇਸ ਜਹਾਜ਼ 'ਚ ਹੁਣ ਤੱਕ 8 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚ 2 Hantavirus ਦੇ ਪੁਸ਼ਟੀਸ਼ੁਦਾ ਕੇਸ ਅਤੇ 3 ਮੌਤਾਂ ਸ਼ਾਮਲ ਹਨ। ਇੱਕ ਮਰੀਜ਼ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। Hantavirus ਚੂਹਿਆਂ ਵਰਗੇ ਜੀਵਾਂ ਦੇ ਪਿਸ਼ਾਬ, ਗੰਦਗੀ ਅਤੇ ਲਾਲ ਦੇ ਸੰਪਰਕ ਨਾਲ ਫੈਲਦਾ ਹੈ ਅਤੇ ਇਹ ਗੰਭੀਰ ਬਿਮਾਰੀ ਦਾ ਕਾਰਨ ਬਣ ਸਕਦਾ ਹੈ।

ਸਿਹਤ ਮਾਹਿਰਾਂ ਨੇ ਲੋਕਾਂ ਨੂੰ ਸਫਾਈ ਬਣਾਈ ਰੱਖਣ ਅਤੇ ਚੂਹਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ।


DIGITAL PHOTO & VIDEO
NEWYORK USA
646-403-7334
116-12 101 Ave, South Richmond Hill, NY 11419
A COMPLETE SOLUTION OF 4K & FULL HD VIDEOS & DIGITAL PHOTOS
718-441-6516
OUR SERVICES
Wedding Photography
Ring Ceremony
Birthday Photography
ALL Other Function
Sweet Sixteen
Kids Photography

bj_video@yahoo.com
www.bjphotography.com


Copyright: Apna Punjab Media 2025-26
Graphic & Design: Apna Punjab Media Team

# BAANI SWEETS

Richmond Hill New York | Carteret New Jersey




Service Since 2006 under the name of Punjabi Dhaba

ਬਾਣੀ ਸਵੀਟਸ ਦੇ ਮਾਲਿਕ ਓਹੀ ਪੰਜਾਬੀ ਢਾਬੇ ਵਾਲੇ ਹੀ ਹਨ, ਸ਼ਿਰਫ਼ ਨਾਮ ਬਦਲ ਕੇ ਬਾਣੀ ਸਵੀਟਸ ਕਰ ਦਿੱਤਾ ਗਿਆ ਹੈ।

**BAANI SWEETS (NY)**

113-11 101 Ave. s. Richmond Hill, NY 11419



FOUNDER
Late: S. Gurmit Singh



Harpreet Singh
(347) 613-4287

Phone 718-850-0200

Phone 347-613-4287

Contact Us Today

# TIER 1 BUILDERS

## COMPREHENSIVE CONSTRUCTION

SERVING THE COMMUNITY FOR 20+ YEARS

TIER 1 BUILDERS





FULLY LICENSED & INSURED

Specialize in All Carpentry
- Rough & Finish Carpenter work
- Custom Millwork / Fabrication
- Full General Construction
- Concrete

GENERAL CONTRACTING:
- COMMERCIAL
- RESIDENTIAL
- INDUSTRIAL

Call For Free Estimates



Darshpreet Singh
347-833-3713



Balwinder Singh
917-774-8566

Email: tieronebuildersinc@gmail.com tieronebuilders Tier One Builders



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com




# ਹੋਰ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਨਵਾਂ ਕਾਨੂੰਨ ਲਿਆਉਣਗੇ ਕਾਰਨੀ



**ਓਟਵਾ:ਆਪਣਾ ਪੰਜਾਬ ਮੀਡੀਆ:** ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਜਲਦ ਹੀ ਇੱਕ ਨਵਾਂ ਕਾਨੂੰਨ ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ, ਜਿਸਦਾ ਮਕਸਦ ਵੱਡੇ ਊਰਜਾ ਅਤੇ ਬੁਨਿਆਦੀ ਢਾਂਚੇ ਵਾਲੇ ਪ੍ਰੋਜੈਕਟਾਂ ਲਈ ਮਨਜ਼ੂਰੀ ਪ੍ਰਕਿਰਿਆ ਨੂੰ ਤੇਜ਼ ਕਰਨਾ ਹੈ। ਨਵੀਂ ਕਾਨੂੰਨੀ ਯੋਜਨਾ ਅਧੀਨ ਵੱਡੇ ਪ੍ਰੋਜੈਕਟਾਂ ਦੀ ਰੈਗੂਲੇਟਰੀ ਜਾਂਚ ਅਤੇ ਮਨਜ਼ੂਰੀ ਦਾ ਸਮਾਂ ਘਟਾ ਕੇ ਦੋ ਸਾਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਹ ਵਾਅਦਾ ਪਿਛਲੀ ਟਰੂਡੋ ਸਰਕਾਰ ਵੱਲੋਂ ਵੀ ਕੀਤਾ ਗਿਆ ਸੀ। ਇਹ ਸੁਧਾਰ ਪਿਛਲੇ ਸਾਲ ਪਾਸ ਹੋਏ ਬਿੱਲ ਸੀ-5 ਨਾਲੋਂ ਵਧੇਰੇ ਵਿਆਪਕ ਹੋਣ ਦੀ ਸੰਭਾਵਨਾ ਹੈ। ਉਸ ਕਾਨੂੰਨ ਤਹਿਤ "ਰਾਸ਼ਟਰੀ ਹਿਤ" ਵਾਲੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਮਨਜ਼ੂਰੀ ਦੇਣ ਦਾ ਪ੍ਰਬੰਧ ਕੀਤਾ ਗਿਆ ਸੀ। ਕਾਰਨੀ ਨੇ ਕਿਹਾ ਕਿ ਸਰਕਾਰ ਕਾਨੂੰਨੀ ਨਿਯਮਾਂ ਅਤੇ ਆਦਿਵਾਸੀ ਭਾਈਚਾਰਿਆਂ, ਪ੍ਰੋਵਿੰਸਾ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਨੂੰ ਧਿਆਨ ਵਿੱਚ ਰੱਖਦੇ ਹੋਏ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ। ਉੱਧਰ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵ ਨੇ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਕਾਰਨੀ ਨੇ ਵਿਕਾਸ ਰੋਕਣ ਵਾਲੇ ਪੁਰਾਣੇ ਕਾਨੂੰਨਾਂ ਵਿੱਚੋਂ ਇੱਕ ਵੀ ਨਹੀਂ ਹਟਾਇਆ ਅਤੇ ਨਵਾਂ ਕਾਨੂੰਨ ਪਾਸ ਹੋਣ ਦੇ ਬਾਵਜੂਦ ਅਜੇ ਤੱਕ ਕੋਈ ਵੱਡਾ ਪ੍ਰੋਜੈਕਟ ਮਨਜ਼ੂਰ ਨਹੀਂ ਕੀਤਾ ਗਿਆ।ਸਰਕਾਰ ਵੱਲੋਂ ਇਸ ਨਵੇਂ ਕਾਨੂੰਨ ਦਾ ਅਧਿਕਾਰਕ ਐਲਾਨ ਜਲਦ ਕੀਤੇ ਜਾਣ ਦੀ ਉਮੀਦ ਹੈ।


# ਜਬਰਨ ਵਸੂਲੀ ਤੇ ਗੋਲੀਬਾਰੀ ਮਾਮਲਿਆਂ 'ਚ ਸੱਤ ਪੰਜਾਬੀ ਨੌਜਵਾਨ ਜਾਂਚ ਹੇਠ, ਦੋ ਕੈਨੇਡਾ ਤੋਂ ਡਿਪੋਰਟ



**ਸਰੀ:ਆਪਣਾ ਪੰਜਾਬ ਮੀਡੀਆ:** ਕੈਨੇਡਾ ਦੇ ਸਰੀ ਸ਼ਹਿਰ ਵਿੱਚ ਸੰਗਠਿਤ ਅਪਰਾਧਿਕ ਗਤੀਵਿਧੀਆਂ ਖ਼ਿਲਾਫ਼ ਚੱਲ ਰਹੀ ਵੱਡੀ ਮੁਹਿੰਮ ਦੌਰਾਨ ਪੰਜਾਬੀ ਮੂਲ ਦੇ ਸੱਤ ਨੌਜਵਾਨ ਪੁਲੀਸ ਜਾਂਚ ਦੇ ਘੇਰੇ ਵਿੱਚ ਆ ਗਏ ਹਨ। ਸਰੀ ਪੁਲੀਸ ਵੱਲੋਂ "ਪ੍ਰੋਜੈਕਟ ਐਸ਼ੋਰੈਂਸ" ਤਹਿਤ ਹਿੰਸਕ ਜਬਰਨ ਵਸੂਲੀ, ਗੋਲੀਬਾਰੀ ਅਤੇ ਧਮਕਾਉਣ ਵਾਲੀਆਂ ਘਟਨਾਵਾਂ ਨਾਲ ਜੁੜੇ ਨੈੱਟਵਰਕਾਂ 'ਤੇ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਇਸ ਕਾਰਵਾਈ ਦੌਰਾਨ 20 ਸਾਲਾ ਪ੍ਰਭਜੋਤ ਸਿੰਘ ਅਤੇ 22 ਸਾਲਾ ਲਵਬੀਰ ਸਿੰਘ ਨੂੰ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਹੈ। ਦੋਵੇਂ ਵਿਦੇਸ਼ੀ ਨਾਗਰਿਕ ਇਸ ਸਾਲ ਦੇ ਸ਼ੁਰੂ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਨ, ਜਿਸ ਤੋਂ ਬਾਅਦ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਵੱਲੋਂ ਇਮੀਗ੍ਰੇਸ਼ਨ ਸਮੀਖਿਆ ਕੀਤੀ ਗਈ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਪੁਲੀਸ ਨੇ ਦੋਵਾਂ ਦੀਆਂ ਤਸਵੀਰਾਂ ਜਨਤਕ ਕਰਦਿਆਂ ਲੋਕਾਂ ਤੋਂ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਉਨ੍ਹਾਂ ਦੇ ਸਾਥੀਆਂ ਜਾਂ ਜਬਰਨ ਵਸੂਲੀ ਗਿਰੋਹਾਂ ਨਾਲ ਜੁੜੀ ਕੋਈ ਜਾਣਕਾਰੀ ਹੋਵੇ ਤਾਂ ਉਹ ਅੱਗੇ ਆ ਕੇ ਪੁਲੀਸ ਨਾਲ ਸਾਂਝੀ ਕਰਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸ਼ਹਿਰ ਵਿੱਚ ਫੈਲ ਰਹੀਆਂ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਲਈ ਜਾਂਚ ਹੋਰ ਤੇਜ਼ ਕੀਤੀ ਜਾਵੇਗੀ।

# ਹੱਤਿਆ ਕਰਕੇ ਅਮਰੀਕਾ ਭੱਜੇ ਮੁਲਜ਼ਮ ਨੂੰ ਕੈਨੇਡਾ ਪੁਲੀਸ ਨੇ ਦਬੋਚਿਆ

## ਕਰੀਬ ਸਵਾ ਸਾਲ ਪਹਿਲਾਂ ਸਰੀ 'ਚ ਹੱਤਿਆ ਕਰਕੇ ਅਮਰੀਕਾ ਭੱਜ ਗਿਆ ਸੀ ਮੁਲਜਮ ਅਮਨ ਰਮੇਸ਼



**ਵੈਨਕੂਵਰ:ਆਪਣਾ ਪੰਜਾਬ ਮੀਡੀਆ:** ਕੈਨੇਡਾ ਪੁਲੀਸ ਨੇ ਸਰੀ ਦੇ ਦੱਖਣੀ ਖੇਤਰ ਵਿੱਚ ਦਸੰਬਰ 2024 'ਚ ਹੋਏ ਹੱਤਿਆ ਕਾਂਡ ਦੇ ਮੁਲਜ਼ਮ ਨੂੰ ਅਮਰੀਕਾ ਤੋਂ ਗ੍ਰਿਫ਼ਤਾਰ ਕੀਤਾ ਹੈ। ਇੱਕ ਮੁਲਜ਼ਮ ਸਰਤਾਜ ਸਿੰਘ ਨੂੰ ਤਾਂ ਪੁਲੀਸ ਨੇ ਪਹਿਲਾਂ ਹੀ ਕਾਬੂ ਕਰ ਲਿਆ ਸੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੁਲੀਸ ਦੇ ਹੱਤਿਆਵਾਂ ਮਾਮਲਿਆਂ ਨਾਲ ਸਬੰਧਤ ਸ਼ਾਖਾ ਦੇ ਬੁਲਾਰੇ ਸਰਜੈਂਟ ਫਰੈਡਾ ਫੌਂਗ ਨੇ ਦੱਸਿਆ ਕਿ 14 ਦਸੰਬਰ 2024 ਨੂੰ ਸਰੀ ਦੇ 108 ਐਵੇਨਿਊ ਅਤੇ 147 ਬਲਾਕ ਸਥਿੱਤ ਘਰ 'ਚ ਹੋਈ ਗੋਲੀਬਾਰੀ ਵਿੱਚ ਨੌਜਵਾਨ ਨੂੰ ਮਾਰ ਦਿੱਤਾ ਗਿਆ ਸੀ। ਪੁਲੀਸ ਨੇ ਸਬੂਤ ਇੱਕਠੇ ਕਰਦਿਆਂ ਇਸ ਮਾਮਲੇ ਵਿੱਚ ਸਰਤਾਜ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ, ਪਰ ਅਮਨ ਵਾਰਦਾਤ ਕਰਕੇ ਅਮਰੀਕਾ ਭੱਜ ਗਿਆ ਸੀ। ਉਨ੍ਹਾਂ ਦੱਸਿਆ ਕਿ ਅਮਰੀਕਾ 'ਚ ਉਸ ਦੇ ਠਿਕਾਣੇ ਦਾ ਪਤਾ ਲਾ ਕੇ ਉਸ ਨੂੰ ਕਾਬੂ ਕੀਤਾ ਅਤੇ ਕੈਨੇਡਾ ਲਿਆਂਦਾ ਹੈ, 11 ਮਈ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਓਂਟਾਰੀਓ ਦੀ ਪੀਲ ਪੁਲੀਸ ਨੇ 23 ਸਾਲਾਂ ਦੇ ਨੌਜਵਾਨ ਕਬੀਰ ਜਾਂਗਰਾ ਨੂੰ ਗ੍ਰਿਫਤਾਰ ਕੀਤਾ ਹੈ, ਜਿਸ 'ਤੇ ਇੱਕ ਲੜਕੀ ਨੂੰ ਗੁੰਮਰਾਹ ਕਰਕੇ ਆਪਣੇ ਜਾਲ ਚ ਫਸਾਉਣ ਤੋਂ ਬਾਦ ਉਸਤੋਂ ਦੇਹ-ਵਪਾਰ ਕਰਾਉਣ ਦੇ ਦੋਸ਼ ਹਨ । ਉਸ ਸੋਸ਼ਲ ਮੀਡੀਆ ਰਾਹੀਂ ਗ੍ਰਾਹਕ ਲੱਭ ਕੇ ਉਨ੍ਹਾਂ ਤੋਂ ਲਏ ਪੈਸੇ ਆਪਣੇ ਕੋਲ ਰੱਖਦਾ ਸੀ।

ਪੁਲੀਸ ਨੇ ਉਸ ਖ਼ਿਲਾਫ਼ ਵੱਖ ਵੱਖ ਧਾਰਾਵਾਂ ਹੇਠ 7 ਦੋਸ਼ ਆਇਦ ਕੀਤੇ ਹਨ ਅਤੇ ਪੀੜਤ ਹੋਰ ਔਰਤਾਂ ਨੂੰ ਸਾਹਮਣੇ ਆਉਣ ਦੀ ਅਪੀਲ ਕੀਤੀ ਹੈ ਤਾਂ ਕਿ ਉਸ ਵਿਰੁੱਧ ਕਾਰਵਾਈ ਕੀਤੀ ਜਾ ਸਕੇ।

Kishneet VIDEOGRAPHY
DIGITAL PHOTO & VIDEO
778 885-5513
Premium Solution for 4K & Full HD Video and Photo Needs
OUR SERVICES
WEDDING BIRTHDAY SWEET SIXTEEN RING CEREMONY
13228 62 A Ave Surrey, BC V3X 3S5, Canada

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com




## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

## MATRIMONIAL



Sikh, Male, 52 (07 Oct 1972), 5'8" (approx), well-settled, based in USA (Virginia), seeking a suitable match. Educated (Master's Degree), working professional with an annual income of $130,000. Belongs to a respectable Sikh family from Amritsar. Non-Manglik, divorced. Looking for a well-educated, cultured Sikh girl with family values. Preference for someone willing to settle abroad.
**Currently residing at:** Woodbridge, Virginia, USA
**Contact:** +1 202-390-5036

## NAME CHANGE

I, Sonu, son of Hisam Singh, residing at V.P.O. Pabnawa, Tehsil Dhand, District Kaithal, PIN 136027, Haryana, India, currently residing at 7235 French Rd, Apt-5P, Sacramento, CA 95828, hereby declare that I am changing my name from Sonu to Sonu Singh, effective immediately. All concerned parties are requested to take note of this name change. Sworn and subscribed on this 20th day of April 2026.


# ਅਪਰੇਸ਼ਨ ਸਿੰਧੂਰ ਭਾਰਤ ਦੇ ਮਜ਼ਬੂਤ ਇਰਾਦੇ ਦੀ ਮਿਸਾਲ: ਮੁਰਮੂ

## ਅਤਿਵਾਦ ਖ਼ਿਲਾਫ਼ ਕਾਰਵਾਈ 'ਤੇ PM Modi, Amit Shah ਤੇ Rajnath Singh ਦੇ ਸਖ਼ਤ ਸੰਦੇਸ਼



**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਰਾਸ਼ਟਰਪਤੀ Droupadi Murmu ਨੇ ਕਿਹਾ ਕਿ ਅਪਰੇਸ਼ਨ ਸਿੰਧੂਰ ਅਤਿਵਾਦ ਖ਼ਿਲਾਫ਼ ਭਾਰਤ ਦੇ ਅਟੁੱਟ ਸੰਕਲਪ ਅਤੇ ਹਥਿਆਰਬੰਦ ਫ਼ੌਜਾਂ ਦੀ ਬੇਮਿਸਾਲ ਹਿੰਮਤ ਦਾ ਪ੍ਰਤੀਕ ਹੈ।

ਉਨ੍ਹਾਂ ਕਿਹਾ ਕਿ ਭਾਰਤ ਨੂੰ ਧਮਕੀ ਦੇਣ ਵਾਲਿਆਂ ਨੂੰ ਕਰਾਰਾ ਜਵਾਬ ਦੇਣ ਲਈ ਦੇਸ਼ ਪੂਰੀ ਤਰ੍ਹਾਂ ਤਿਆਰ ਹੈ।

ਪ੍ਰਧਾਨ ਮੰਤਰੀ Narendra Modi ਨੇ ਕਿਹਾ ਕਿ ਇਹ ਅਪਰੇਸ਼ਨ ਅਤਿਵਾਦ ਖ਼ਿਲਾਫ਼ ਭਾਰਤ ਦੀ ਸਖ਼ਤ ਨੀਤੀ ਅਤੇ ਕੌਮੀ ਸੁਰੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਗ੍ਰਹਿ ਮੰਤਰੀ Amit Shah ਨੇ ਇਸ ਨੂੰ 'ਜੁਗਾਂਤਕਾਰੀ ਮਿਸ਼ਨ' ਦੱਸਦਿਆਂ ਕਿਹਾ ਕਿ ਦੇਸ਼ ਦੇ ਦੁਸ਼ਮਣ ਕਿਤੇ ਵੀ ਛੁਪ ਜਾਣ, ਬਚ ਨਹੀਂ ਸਕਦੇ।

ਰੱਖਿਆ ਮੰਤਰੀ Rajnath Singh ਨੇ ਅਪਰੇਸ਼ਨ ਨੂੰ ਆਧੁਨਿਕ ਜੰਗ ਅਤੇ ਤਿੰਨ ਫ਼ੌਜਾਂ ਦੇ ਤਾਲਮੇਲ ਦੀ ਬਿਹਤਰੀਨ ਮਿਸਾਲ ਕਰਾਰ ਦਿੱਤਾ।

# ਸਪੇਨ ਵਿੱਚ ਰਹਿੰਦੇ ਭਾਰਤੀਆਂ ਦੇ ਪਾਸਪੋਰਟ ਨਵਿਆਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ: Satnam Singh Sandhu



## ਸੰਸਦ ਮੈਂਬਰ ਨੇ ਸਪੇਨ ਵਿੱਚ ਭਾਰਤੀ ਭਾਈਚਾਰੇ ਦੀਆਂ ਸਮੱਸਿਆਵਾਂ ਬਾਰੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖਿਆ

**ਨਵੀਂ ਦਿੱਲੀ :ਆਪਣਾ ਪੰਜਾਬ ਮੀਡੀਆ:**ਰਾਜ ਸਭਾ ਦੇ ਸੰਸਦ ਮੈਂਬਰ Satnam Singh Sandhu ਨੇ Ministry of External Affairs ਨੂੰ ਪੱਤਰ ਲਿਖ ਕੇ Spain ਵਿੱਚ ਰਹਿ ਰਹੇ ਭਾਰਤੀ ਨਾਗਰਿਕਾਂ, ਖ਼ਾਸ ਕਰਕੇ Madrid ਅਤੇ Barcelona ਦੇ ਵਸਨੀਕਾਂ ਲਈ ਪਾਸਪੋਰਟ ਨਵਿਆਉਣ ਅਤੇ ਹੋਰ ਦਸਤਾਵੇਜ਼ੀ ਸੇਵਾਵਾਂ ਵਿੱਚ ਤੇਜ਼ੀ ਲਿਆਉਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਪੇਨ ਵਿੱਚ ਰਹਿ ਰਹੇ ਕਈ ਭਾਰਤੀ ਲੰਮੇ ਸਮੇਂ ਤੋਂ ਪਾਸਪੋਰਟ ਅਤੇ ਪੁਲੀਸ ਕਲੀਅਰੈਂਸ ਸਰਟੀਫਿਕੇਟ (PCC) ਨਾਲ ਜੁੜੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਵਿਦੇਸ਼ ਮਾਮਲਿਆਂ ਬਾਰੇ ਸੰਸਦੀ ਸਥਾਈ ਕਮੇਟੀ ਦੇ ਮੈਂਬਰ ਸ੍ਰੀ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਸਪੇਨ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ, ਸਿੱਖ ਗੁਰਦੁਆਰਾ ਕਮੇਟੀਆਂ ਅਤੇ ਹੋਰ ਭਾਰਤੀ ਸੰਸਥਾਵਾਂ ਵੱਲੋਂ ਕਈ ਮੰਗ ਪੱਤਰ ਮਿਲੇ ਹਨ। ਇਨ੍ਹਾਂ ਮੰਗਾਂ ਵਿੱਚ ਦਸਤਾਵੇਜ਼ੀ ਕਾਰਵਾਈ ਵਿੱਚ ਹੋ ਰਹੀ ਦੇਰੀ, ਪਾਸਪੋਰਟ ਨਵਿਆਉਣ ਦੀ ਮੁਸ਼ਕਲ ਅਤੇ ਪੈਂਡਿੰਗ ਪੀ.ਸੀ.ਸੀ. ਕਾਰਨ ਆ ਰਹੀਆਂ ਦਿਕ਼ਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਸੀ।

ਸ੍ਰੀ ਸੰਧੂ ਨੇ ਆਪਣੇ ਪੱਤਰ ਵਿੱਚ ਕਿਹਾ ਕਿ ਬਹੁਤ ਸਾਰੇ ਭਾਰਤੀਆਂ ਦੇ ਪਾਸਪੋਰਟਾਂ ਦੀ ਮਿਆਦ ਖਤਮ ਹੋ ਚੁੱਕੀ ਹੈ, ਜਦਕਿ ਕਈ ਲੋਕਾਂ ਦੇ ਪਾਸਪੋਰਟ ਗੁੰਮ ਹੋ ਜਾਣ ਕਾਰਨ ਉਹ ਨਵੀਂ ਦਸਤਾਵੇਜ਼ੀ ਪ੍ਰਕਿਰਿਆ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੱਕ ਫਾਈਲਾਂ ਪੈਂਡਿੰਗ ਰਹਿਣ ਕਾਰਨ ਪ੍ਰਭਾਵਿਤ ਪਰਿਵਾਰਾਂ ਵਿੱਚ ਚਿੰਤਾ ਅਤੇ ਅਨਿਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਬਹੁਤ ਸਾਰੇ ਭਾਰਤੀ ਨਾਗਰਿਕ ਸਾਰੇ ਕਾਨੂੰਨੀ ਨਿਯਮਾਂ ਦੀ ਪਾਲਣਾ ਕਰਨਾ ਚਾਹੁੰਦੇ ਹਨ, ਪਰ ਪ੍ਰਕਿਰਿਆ ਵਿੱਚ ਹੋ ਰਹੀ ਦੇਰੀ ਉਨ੍ਹਾਂ ਲਈ ਵੱਡੀ ਸਮੱਸਿਆ ਬਣ ਰਹੀ ਹੈ। ਇਸ ਕਾਰਨ ਰੁਜ਼ਗਾਰ, ਰਹਾਇਸ਼ ਅਤੇ ਹੋਰ ਕਾਨੂੰਨੀ ਕਾਰਵਾਈਆਂ ਵੀ ਪ੍ਰਭਾਵਿਤ ਹੋ ਰਹੀਆਂ ਹਨ। ਸ੍ਰੀ ਸੰਧੂ ਨੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਕਿ ਸਪੇਨ ਵਿੱਚ ਭਾਰਤੀ ਦੂਤਾਵਾਸ ਅਤੇ ਸੰਬੰਧਤ ਅਧਿਕਾਰੀਆਂ ਰਾਹੀਂ ਦਸਤਾਵੇਜ਼ੀ ਪ੍ਰਕਿਰਿਆ ਨੂੰ ਹੋਰ ਸੁਚੱਜਾ ਅਤੇ ਤੇਜ਼ ਬਣਾਇਆ ਜਾਵੇ ਤਾਂ ਜੋ ਉੱਥੇ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਜਲਦ ਰਾਹਤ ਮਿਲ ਸਕੇ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com






 Copyright: Apna Punjab Media 2025-26 



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor: Gurmit Singh

1 516 989 8001 | 1 631 835 8000

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

19 VOL XVIII, ISSUE 1918 | SATURDAY MAY 09, 2026

CANADA


BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

*Visit our dedicated pages for the latest national and international news.*

ਹਟ ਕੇ ਹੁਣੇ



# ਸੈਨੇਟ ਨਿਯੁਕਤੀਆਂ ਲਈ ਟਰੂਡੋ ਦੀ ਕਮੇਟੀ ਨਾਲ ਸਲਾਹ ਕਰਨਗੇ ਕਾਰਨੀ

**ਮਾਂਟਰੀਅਲ:ਆਪਣਾਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਕਹਿਣਾ ਹੈ ਕਿ ਉਹ ਸੈਨੇਟ ਵਿੱਚ ਨਵੀਆਂ ਨਿਯੁਕਤੀਆਂ ਲਈ ਸਾਬਕਾ ਪ੍ਰਧਾਨਮੰਤਰੀਜਸਟਿਨਟਰੂਡੋ ਵੱਲੋਂ ਬਣਾਈ ਗਈ ਸੁਤੰਤਰ ਸਲਾਹਕਾਰ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਵੀ ਵਿਚਾਰ ਕਰਨਗੇ। ਮਾਂਟਰੀਅਲ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਾਰਨੀ ਨੇ ਕਿਹਾ ਕਿ ਸੈਨੇਟ ਲਈ ਨਿਯੁਕਤੀਆਂ "ਉਚਿਤ ਸਮੇਂ" 'ਤੇ ਕੀਤੀਆਂ ਜਾਣਗੀਆਂ, ਪਰ ਉਨ੍ਹਾਂ ਨੇ ਇਸ ਬਾਰੇ ਹੋਰ ਵਿਸਥਾਰ ਨਾਲ ਜਾਣਕਾਰੀ ਨਹੀਂ ਦਿੱਤੀ। ਇਸ ਵੇਲੇ ਕੈਨੇਡਾ ਦੀ ਸੈਨੇਟ ਵਿੱਚ ਨੌਂ ਸੀਟਾਂ ਖਾਲੀ ਹਨ ਅਤੇ ਇਸ ਸਾਲ ਦੇ ਅੰਤ ਤੱਕ ਹੋਰ ਛੇ ਸੈਨੇਟਰ ਰਿਟਾਇਰ ਹੋਣ ਵਾਲੇ ਹਨ। ਇਸ ਕਾਰਨ ਉੱਪਰੀ ਸਦਨ ਵਿੱਚ ਵੱਧ ਰਹੀਆਂ ਖਾਲੀ ਅਸਾਮੀਆਂ ਨੂੰ ਲੈ ਕੇ ਚਿੰਤਾ ਜਤਾਈ ਜਾ ਰਹੀ ਹੈ। ਟਰੂਡੋ ਸਰਕਾਰ ਨੇ ਪਹਿਲਾਂ ਸੈਨੇਟ ਖ਼ਰਚਾ ਘਪਲੇ ਤੋਂ ਬਾਅਦ ਸਿਆਸੀ ਸਿਫ਼ਾਰਸ਼ਾਂ ਅਤੇ ਪੱਖਪਾਤ ਨੂੰ ਘਟਾਉਣ ਲਈ ਇੱਕ ਸੁਤੰਤਰ ਸਲਾਹਕਾਰ ਬੋਰਡ ਬਣਾਇਆ ਸੀ। ਉਸ ਸਮੇਂ ਟਰੂਡੋ ਨੇ ਲਿਬਰਲ ਕਾਕਸ ਤੋਂ ਸੈਨੇਟਰਾਂ ਨੂੰ ਵੀ ਵੱਖ ਕਰ ਦਿੱਤਾ ਸੀ।ਹਾਲਾਂਕਿ, ਟਰੂਡੋ ਦੀ ਨਿਯੁਕਤੀ ਪ੍ਰਕਿਰਿਆ ਵੀ ਆਲੋਚਨਾ ਦੇ ਘੇਰੇ ਵਿੱਚ ਆਈ ਜਦੋਂ ਉਨ੍ਹਾਂ ਨੇ ਅਹੁਦਾ ਛੱਡਣ ਤੋਂ ਪਹਿਲਾਂ ਲਿਬਰਲ ਪਾਰਟੀ ਨਾਲ ਜੁੜੇ ਕੁਝ ਲੋਕਾਂ ਅਤੇ ਦਾਨਦਾਤਾਵਾਂ ਨੂੰ ਸੈਨੇਟ ਲਈ ਨਿਯੁਕਤ ਕੀਤਾ।

# ਏਅਰਬਸ ਅਤੇ ਏਅਰਏਸ਼ੀਆ ਵਿਚਕਾਰ ਹੋਇਆ ਅਰਬਾਂ ਡਾਲਰ ਦਾ ਸਮਝੌਤਾ, ਕੈਨੇਡਾ ਵਿੱਚ ਬਣਨਗੇ 150 ਜਹਾਜ਼

**ਮਿਰਾਬੇਲ : ਆਪਣਾ ਪੰਜਾਬ ਮੀਡੀਆ:** ਏਅਰਬੱਸ ਕੈਨੇਡਾ ਨੇ ਮਲੇਸ਼ੀਆ ਦੀ ਘੱਟ-ਖਰਚ ਵਾਲੀ ਏਅਰਲਾਈਨ ਏਅਰਏਸ਼ੀਆ ਨਾਲ 150 ਏ220 ਜਹਾਜ਼ਾਂ ਦੀ ਸਪਲਾਈ ਲਈ ਅਰਬਾਂ ਡਾਲਰ ਦਾ ਵੱਡਾ ਸਮਝੌਤਾ ਕੀਤਾ ਹੈ। ਇਹ ਜਹਾਜ਼ ਕਿਊਬੈਕ ਦੇ ਮਿਰਾਬੇਲ ਪਲਾਂਟ ਵਿੱਚ ਤਿਆਰ ਕੀਤੇ ਜਾਣਗੇ। ਇਹ ਏ220 ਜਹਾਜ਼ਾਂ ਲਈ ਕੰਪਨੀ ਦੇ ਇਤਿਹਾਸ ਦਾ ਸਭ ਤੋਂ ਵੱਡਾ ਇਕੱਲਾ ਆਰਡਰ ਮੰਨਿਆ ਜਾ ਰਿਹਾ ਹੈ। ਇਹ ਜਹਾਜ਼ ਪਹਿਲਾਂ ਬੰਬਾਰਡੀਅਰ ਦੇ ਸੀ ਸੀਰੀਜ਼ ਪ੍ਰੋਗਰਾਮ ਦਾ ਹਿੱਸਾ ਸਨ, ਜਿਸ ਨੂੰ 2018 ਵਿੱਚ ਏਅਰਬਸ ਨੇ ਖਰੀਦ ਕੇ ਏ220 ਨਾਮ ਦਿੱਤਾ ਸੀ। ਐਲਾਨ ਸਮੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਇਹ ਸਮਝੌਤਾ




ਅਮਰੀਕਾ ਤੋਂ ਇਲਾਵਾ ਹੋਰ ਦੇਸ਼ਾਂ ਨਾਲ ਵਪਾਰਕ ਸਬੰਧ ਮਜ਼ਬੂਤ ਕਰਨ ਦੀ ਮਹੱਤਤਾ ਦਰਸਾਉਂਦਾ ਹੈ। ਕਾਰਨੀ ਨੇ ਕਿਹਾ, "ਇਹ ਸਮਝੌਤਾ ਕੈਨੇਡਾ ਅਤੇ ਦੱਖਣ-ਪੂਰਬੀ ਏਸ਼ੀਆ ਦੇ ਦੇਸ਼ਾਂ ਵਿਚਕਾਰ ਆਰਥਿਕ ਸਾਂਝ ਨੂੰ ਹੋਰ ਮਜ਼ਬੂਤ ਕਰੇਗਾ। ਤੁਸੀਂ ਕੈਨੇਡੀਅਨ ਮਜ਼ਦੂਰਾਂ ਅਤੇ ਕਿਊਬੈਕ 'ਤੇ ਭਰੋਸਾ ਜਤਾਇਆ ਹੈ ।" ਏਅਰਏਸ਼ੀਆ ਦੇ ਸੀਈਓ ਟੋਨੀ ਫਰਨਾਂਡੇਜ਼ ਨੇ ਵੀ ਇਸ ਸਮਝੌਤੇ ਨੂੰ ਏਅਰਏਸ਼ੀਆ ਦੇ ਭਵਿੱਖ ਲਈ ਮਹੱਤਵਪੂਰਨ ਕਦਮ ਦੱਸਿਆ। ਹਾਲਾਂਕਿ, ਪਿਛਲੇ ਕੁਝ ਸਾਲਾਂ ਤੋਂ ਏਅਰਬਸ ਦੇ ਮਾਂਟਰੀਅਲ ਨੇੜਲੇ ਪਲਾਂਟ ਨੂੰ ਉਤਪਾਦਨ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਇੰਜਨਾਂ ਅਤੇ ਹੋਰ ਪੁਰਜ਼ਿਆਂ ਦੀ ਘਾਟ ਕਾਰਨ ਕੰਪਨੀ ਉਮੀਦ ਮੁਤਾਬਕ ਜਹਾਜ਼ ਤਿਆਰ ਨਹੀਂ ਕਰ ਸਕੀ। ਫਿਰ ਵੀ, ਮਾਹਰਾਂ ਦਾ ਮੰਨਣਾ ਹੈ ਕਿ 150 ਜਹਾਜ਼ਾਂ ਦਾ ਇਹ ਆਰਡਰ ਕਿਊਬੈਕ ਦੀ ਹਵਾਈ ਉਦਯੋਗ ਲਈ ਵੱਡੀ ਕਾਮਯਾਬੀ ਹੈ ਅਤੇ ਇਸ ਨਾਲ ਕਈ ਨਵੀਆਂ ਨੌਕਰੀਆਂ ਅਤੇ ਨਿਵੇਸ਼ ਦੇ ਮੌਕੇ ਬਣ ਸਕਦੇ ਹਨ।

# ਟਰੰਪ ਟੈਰਿਫ਼ਾਂ ਕਰਕੇ ਕੈਨੇਡਾ 'ਚ ਅਮਰੀਕੀ ਸ਼ਰਾਬ ਦੀ ਵਿੱਕਰੀ 63%ਘਟੀ

**ਓਟਵਾ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ਼ਾਂ ਤੋਂ ਬਾਅਦ ਕੈਨੇਡਾ ਵਿੱਚ ਅਮਰੀਕੀ ਸ਼ਰਾਬ ਦੀ ਵਿੱਕਰੀ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਅਮਰੀਕਾ ਦੀ ਡਿਸਟਿਲਡ ਸਪਿਰਿਟਸ ਕੌਂਸਲ ਮੁਤਾਬਕ 2025 ਦੌਰਾਨ ਕੈਨੇਡਾ ਨੂੰ ਹੋਣ ਵਾਲੀ ਅਮਰੀਕੀ ਸ਼ਰਾਬ ਦੀ ਐਕਸਪੋਰਟ ਵਿੱਚ 63 ਫੀ ਸਦੀ ਕਮੀ ਆਈ।ਸੰਸਥਾ ਦੇ ਪ੍ਰਧਾਨ ਅਤੇ ਸੀਈਓ ਕ੍ਰਿਸ ਸਵੌਂਗਰ ਨੇ ਕਿਹਾ ਕਿ ਕੈਨੇਡਾ ਦੇ ਜ਼ਿਆਦਾਤਰ ਸੂਬਿਆਂ ਵੱਲੋਂ ਅਮਰੀਕੀ ਸ਼ਰਾਬ ਨੂੰ ਸਟੋਰਾਂ ਦੀਆਂ ਸ਼ੈਲਫਾਂ ਤੋਂ ਹਟਾਉਣ ਕਾਰਨ ਇਹ ਵੱਡੀ ਗਿਰਾਵਟ ਆਈ ਹੈ।ਕੈਨੇਡਾ ਦੇ ਕਈ ਪ੍ਰੋਵਿੰਸਾਂ ਨੇ ਅਮਰੀਕੀ ਟੈਰਿਫ਼ਾਂ ਦੇ ਜਵਾਬ ਵਜੋਂ ਅਮਰੀਕੀ ਸ਼ਰਾਬ ਦੀ




ਵਿੱਕਰੀ 'ਤੇ ਰੋਕ ਲਗਾਈ। ਓਨਟਾਰੀਓ ਨੇ ਐਲਸੀਬੀਓ ਸਟੋਰਾਂ ਤੋਂ ਅਮਰੀਕੀ ਸ਼ਰਾਬ ਹਟਾ ਦਿੱਤੀ, ਜਦਕਿ ਕਿਊਬੈਕ ਨੇ ਵਿੱਕਰੀ ਅਤੇ ਆਯਾਤ ਰੋਕ ਦਿੱਤਾ। ਬ੍ਰਿਟਿਸ਼ ਕੋਲੰਬੀਆ ਨੇ ਵੀ ਪਾਬੰਦੀ ਵਧਾ ਕੇ ਸਾਰੇ ਅਮਰੀਕੀ ਸ਼ਰਾਬੀ ਉਤਪਾਦਾਂ 'ਤੇ ਲਾਗੂ ਕਰ ਦਿੱਤੀ।ਦੂਜੇ ਪਾਸੇ ਅਲਬਰਟਾ ਅਤੇ ਸਸਕੈਚਵਨ ਨੇ ਕੁਝ ਸਮੇਂ ਦੀ ਪਾਬੰਦੀ ਤੋਂ ਬਾਅਦ ਅਮਰੀਕੀ ਉਤਪਾਦਾਂ ਨੂੰ ਵਾਪਸ ਸਟੋਰਾਂ ਵਿੱਚ ਆਉਣ ਦੀ ਇਜਾਜ਼ਤ ਦੇ ਦਿੱਤੀ, ਹਾਲਾਂਕਿ ਲੋਕਾਂ ਨੂੰ ਕੈਨੇਡੀਅਨ ਉਤਪਾਦ ਖਰੀਦਣ ਲਈ ਪ੍ਰੋਤਸਾਹਿਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਓਨਟਾਰਿਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਜਦ ਤੱਕ ਅਮਰੀਕਾ ਟੈਰਿਫ਼ ਨਹੀਂ ਹਟਾਉਂਦਾ ਅਤੇ ਨਵਾਂ ਵਪਾਰ ਸਮਝੌਤਾ ਨਹੀਂ ਹੁੰਦਾ, ਉਦੋਂ ਤੱਕ ਅਮਰੀਕੀ ਸ਼ਰਾਬ ਮੁੜ ਸ਼ੈਲਫਾਂ 'ਤੇ ਨਹੀਂ ਆਵੇਗੀ। ਵਪਾਰਕ ਤਣਾਅ ਕਾਰਨ ਅਮਰੀਕਾ ਦੇ ਸ਼ਰਾਬ ਉਦਯੋਗ ਨੂੰ ਵੀ ਨੁਕਸਾਨ ਹੋਇਆ ਹੈ। ਉਦਯੋਗਿਕ ਅੰਕੜਿਆਂ ਅਨੁਸਾਰ ਘਰੇਲੂ ਵਿੱਕਰੀ ਵਿੱਚ ਕਮੀ ਆਈ ਹੈ ਅਤੇ ਲੱਗਭਗ 1,000 ਨੌਕਰੀਆਂ ਵੀ ਪ੍ਰਭਾਵਿਤ ਹੋਈਆਂ ਹਨ।

# ਵੁਡਸਟਾਕ ਵਿੱਚ ਡਰੱਗ ਸਮਗਲਿੰਗ ਮਾਮਲੇ 'ਚ ਵੱਡੀ ਕਾਰਵਾਈ

## 10 ਲੱਖ ਡਾਲਰ ਤੋਂ ਵੱਧ ਨਕਦੀ ਕੀਤੀ ਜ਼ਬਤ




**ਵੁਡਸਟਾਕ : ਆਪਣਾ ਪੰਜਾਬ ਮੀਡੀਆ :** ਵੁਡਸਟਾਕ ਪੁਲਿਸ ਨੇ ਡਰੱਗ ਸਮਗਲਿੰਗ ਖ਼ਿਲਾਫ਼ ਚੱਲ ਰਹੀ ਜਾਂਚ ਦੌਰਾਨ ਇੱਕ ਕਾਰੋਬਾਰੀ ਥਾਂ 'ਤੇ ਛਾਪੇਮਾਰੀ ਕਰਕੇ 10 ਲੱਖ ਕੈਨੇਡੀਅਨ ਡਾਲਰ ਤੋਂ ਵੱਧ ਨਕਦੀ ਅਤੇ ਇੱਕ ਭਰੀ ਹੋਈ ਹੈਂਡਗਨ ਜ਼ਬਤ ਕੀਤੀ ਹੈ। ਪੁਲਿਸ ਮੁਤਾਬਕ "ਪ੍ਰੋਜੈਕਟ ਡਿਲੋਰੀਅਨ" ਤਹਿਤ ਕੀਤੀ ਕਾਰਵਾਈ ਵਿੱਚ ਬੀਤੇ ਦਿਨੀਂ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਡਰੱਗਸ, ਹਥਿਆਰ ਅਤੇ ਨਕਦੀ ਬਰਾਮਦ ਕੀਤੀ ਗਈ ਸੀ। ਇਸ ਜਾਂਚ ਤਹਿਤ 24 ਅਪ੍ਰੈਲ ਨੂੰ ਡੰਡਾਸ ਸਟ੍ਰੀਟ ਸਥਿਤ ਇੱਕ ਵਪਾਰਕ ਥਾਂ 'ਤੇ ਹੋਰ ਸਰਚ ਵਾਰੰਟ ਲਾਗੂ ਕੀਤਾ ਗਿਆ। ਇਸ ਦੌਰਾਨ ਪੁਲਿਸ ਨੇ 1,024,720 ਕੈਨੇਡੀਅਨ ਡਾਲਰ ਅਤੇ ਇੱਕ ਲੋਡਡ ਹੈਂਡਗਨ ਬਰਾਮਦ ਕੀਤੀ। ਇਸ ਮਾਮਲੇ ਵਿੱਚ ਪਹਿਲਾਂ ਗ੍ਰਿਫ਼ਤਾਰ ਕੀਤੇ ਗਏ ਚਾਰ ਲੋਕਾਂ ਵਿੱਚੋਂ ਇੱਕ 28 ਸਾਲਾ ਵੁਡਸਟਾਕ ਨਿਵਾਸੀ ਉੱਤੇ ਹੋਰ ਦੋਸ਼ ਵੀ ਲਗਾਏ ਗਏ ਹਨ।



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Founder & Chief Editor : Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com




N·S·C
"We Serve To Build Better"

# NATIONAL SUPPLIES CORP.

Routine Ma900 S COLUMBUS AVE MOUNT VERNON NY 10550intenance

## YOUR ONE STEP FOR

## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।

## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail
- and Granite
- Veneer Wall Stone





Mon to Fri: 7:00 am to 4:30 pm | Sat: 7:00 am to 2:00 pm Sunday: Closed

Store: 1 914 699 2170 | Cell: 1 917 544 3507

www.nationalsuppliescorp.com sales@nationalsuppliesnyc.com


Copyright: Apna Punjab Media 2025-26

# ਸੁਪਰੀਮ ਕੋਰਟ ਦੇ ਜੱਜ ਸਿਆਸੀ ਕਿਰਦਾਰ ਨਹੀਂ: ਅਮਰੀਕੀ ਚੀਫ ਜਸਟਿਸ



## • ਜੌਹਨ ਰੌਬਰਟਸ ਨੇ ਜੱਜਾਂ ਤੇ ਵਕੀਲਾਂ ਦੀ ਕਾਨਫਰੰਸ ਦੌਰਾਨ ਟਿੱਪਣੀ ਕੀਤੀ;
## • ਹੇਠਲੀਆਂ ਅਦਾਲਤਾਂ ਦੇ ਜੱਜਾਂ ਨੂੰ ਨਿਸ਼ਾਨਾ ਬਣਾਉਣ ਦੀ ਨਿਖੇਧੀ

**ਹਰਸ਼ੀ (ਪੈਨਸਿਲਵੇਨੀਆ) :ਆਪਣਾ ਪੰਜਾਬ ਮੀਡੀਆ:** ਚੀਫ ਜਸਟਿਸ ਜੌਨ ਰੌਬਰਟਸ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਦੇ ਜੱਜ 'ਸਿਆਸੀ ਕਿਰਦਾਰ' ਨਹੀਂ ਹਨ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਕਈ ਵਾਰ ਜਿਹੜੇ ਫ਼ੈਸਲੇ ਲੋਕਾਂ ਨੂੰ ਨਹੀਂ ਆਉਂਦੇ, ਅਸਲ ਵਿਚ ਉਹ ਸਿਰਫ਼ ਕਾਨੂੰਨ 'ਤੇ ਆਧਾਰਿਤ ਹੁੰਦੇ ਹਨ। ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਬੁਨਿਆਦੀ ਪੱਧਰ 'ਤੇ ਲੋਕ ਮਹਿਸੂਸ ਕਰਦੇ ਹਨ ਕਿ ਅਸੀਂ ਨੀਤੀਗਤ ਫ਼ੈਸਲੇ ਲੈ ਰਹੇ ਹਾਂ- ਅਸੀਂ ਕਹਿ ਰਹੇ ਹਾਂ ਕਿ ਚੀਜ਼ਾਂ ਸਾਡੇ ਆਪਣੇ ਵਿਚਾਰਾਂ ਅਨੁਸਾਰ ਹੋਣੀਆਂ ਚਾਹੀਦੀਆਂ ਹਨ, ਨਾ ਕਿ ਕਾਨੂੰਨ ਵੱਲੋਂ ਤੈਅ ਤਰੀਕੇ ਨਾਲ। ਮੈਨੂੰ ਲੱਗਦਾ ਹੈ ਕਿ ਉਹ ਸਾਨੂੰ ਪੂਰੀ ਤਰ੍ਹਾਂ ਸਿਆਸੀ ਕਿਰਦਾਰਾਂ ਵਜੋਂ ਦੇਖਦੇ ਹਨ, ਜੋ ਮੇਰੀ ਰਾਏ ਵਿੱਚ, ਸਾਡੇ ਕੰਮ ਦੀ ਸਹੀ ਸਮਝ ਨਹੀਂ ਹੈ।" ਚੀਫ ਜਸਟਿਸ ਰੌਬਟਰਸ ਪੈਨਸਿਲਵੇਨੀਆ ਵਿੱਚ ਤੀਜੇ ਅਮਰੀਕੀ ਸਰਕੇਟ ਦੇ ਜੱਜਾਂ ਤੇ ਵਕੀਲਾਂ ਦੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ ਜਦੋਂ ਲੋਕਾਂ ਦਾ ਅਦਾਲਤਾਂ ਵਿੱਚ ਭਰੋਸਾ ਘਟਿਆ ਹੈ; ਤੇ ਕੋਰਟ ਵੱਲੋਂ ਹਫ਼ਤਾ ਪਹਿਲਾਂ ਸੁਣਾਏ ਫ਼ੈਸਲੇ ਨਾਲ ਵੋਟਿੰਗ ਰਾਈਟ ਐਕਟ ਕਮਜ਼ੋਰ ਹੋਇਆ ਹੈ।

# ਕੀਨੀਆ 'ਚ 'ਗੁੰਡਾਗਰਦੀ' ਬਣੀ ਸਿਆਸੀ ਚੁਣੌਤੀ

## ਸਿਆਸੀ ਹਿੰਸਾ ਵਧਣ ਨਾਲ ਰਾਸ਼ਟਰਪਤੀ ਦੀ ਕਾਰਜਸ਼ੈਲੀ 'ਤੇ ਉੱਠੇ ਸਵਾਲ




**ਨੈਰੋਬੀ :ਆਪਣਾ ਪੰਜਾਬ ਮੀਡੀਆ :**Kenya ਵਿੱਚ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਸਿਆਸੀ ਮਾਹੌਲ ਗਰਮਾਇਆ ਹੋਇਆ ਹੈ। ਰਾਸ਼ਟਰਪਤੀ William Ruto ਅਤੇ ਵਿਰੋਧੀ ਧਿਰ ਇਕ-ਦੂਜੇ 'ਤੇ ਹਿੰਸਾ ਅਤੇ 'ਗੁੰਡਾਗਰਦੀ' ਨੂੰ ਵਧਾਵਾ ਦੇਣ ਦੇ ਦੋਸ਼ ਲਾ ਰਹੇ ਹਨ। Mombasa ਦੇ ਪ੍ਰਚਾਰਕ Wilfred Lai ਨੇ ਗੁੰਡਾਗਰਦੀ ਦੀ ਨਿੰਦਾ ਕਰਦਿਆਂ ਕਿਹਾ ਕਿ ਹਿੰਸਾ ਦੇ ਆਧਾਰ 'ਤੇ ਦੇਸ਼ ਦਾ ਭਵਿੱਖ ਨਹੀਂ ਬਣਾਇਆ ਜਾ ਸਕਦਾ। ਲੋਕਤੰਤਰ ਦੇ ਹਮਾਇਤੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਵਧਦੀ ਸਿਆਸੀ ਹਿੰਸਾ ਕੀਨੀਆ ਦੀ ਜਮਹੂਰੀਅਤ ਲਈ ਖ਼ਤਰਾ ਬਣ ਸਕਦੀ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਚੋਣਾਂ ਨੇੜੇ ਆਉਣ ਨਾਲ ਦੇਸ਼ ਵਿੱਚ ਤਣਾਅ ਹੋਰ ਵੱਧ ਸਕਦਾ ਹੈ।

# ਹੋਰਮੁਜ਼ ਜਲਮਾਰਗ ਵਿੱਚ ਵਧਦੇ ਤਣਾਅ ਨੇ ਦੁਨੀਆ ਭਰ ਦੀ ਚਿੰਤਾ ਵਧਾਈ

## ਅਮਰੀਕਾ ਦਾ ਇਰਾਨੀ ਹਮਲੇ ਨਾਕਾਮ ਕਰਨ ਦਾ ਦਾਅਵਾ




**ਦੁਬਈ:ਆਪਣਾ ਪੰਜਾਬ ਮੀਡੀਆ:** ਅਮਰੀਕੀ ਫੌਜ ਨੇ ਦਾਅਵਾ ਕੀਤਾ ਹੈ ਕਿ ਹੋਰਮੁਜ਼ ਜਲਮਾਰਗ ਵਿੱਚ ਤਿੰਨ ਜਹਾਜ਼ਾਂ'ਤੇਹੋਏਇਰਾਨੀਹਮਲੇ ਨਾਕਾਮ ਕਰ ਦਿੱਤੇ ਗਏ ਹਨ।

ਅਮਰੀਕੀ ਸੈਂਟਰਲ ਕਮਾਂਡ ਮੁਤਾਬਕ ਜਵਾਬੀ ਕਾਰਵਾਈ ਵਿੱਚ ਇਰਾਨੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ।ਰਾਸ਼ਟਰਪਤੀ Donald Trump ਨੇ ਕਿਹਾ ਕਿ ਤਣਾਅ ਦੇ ਬਾਵਜੂਦ ਜੰਗਬੰਦੀ ਕਾਇਮ ਹੈ।

ਉੱਥੇ ਹੀ ਇਰਾਨੀ ਮੀਡੀਆ ਨੇ ਕੇਸ਼ਮ ਟਾਪੂ ਅਤੇ ਬੰਦਰ ਅੱਬਾਸ ਨੇੜੇ ਧਮਾਕਿਆਂ ਦੀ ਜਾਣਕਾਰੀ ਦਿੱਤੀ ਹੈ। ਇਸ ਦਰਮਿਆਨ ਇਰਾਨ ਵੱਲੋਂ ਹੋਰਮੁਜ਼ ਜਲਮਾਰਗ ਰਾਹੀਂ ਲੰਘਣ ਵਾਲੇ ਜਹਾਜ਼ਾਂ 'ਤੇ ਟੈਕਸ ਲਗਾਉਣ ਲਈ ਨਵੀਂ ਅਥਾਰਟੀ ਬਣਾਈ ਗਈ ਹੈ, ਜਿਸ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਚਿੰਤਾ ਜਤਾਈ ਜਾ ਰਹੀ ਹੈ। ਪਾਕਿਸਤਾਨ ਦੋਵਾਂ ਪੱਖਾਂ ਵਿਚਾਲੇ ਵਿਚੋਲਗੀ ਦੀ ਕੋਸ਼ਿਸ਼ ਕਰ ਰਿਹਾ ਹੈ।







Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com





A-NEST Indian Cuisine

NOW OPEN

IN PLAINVIEW, NEW YORK

WE DO CATERING INDOOR & OUTDOOR FOR ALL OCCASIONS



SUNDAY TO THURSDAY
11 AM TO 3 PM-5 PM TO 10 PM

FRIDAY & SATURDAY
11AM TO 3.30 PM-5PM TO 10.30 PM

516-342-6006

430 WOODBURY ROAD, PLAINVIEW, NY 11803

Anestindiancuisine.com
Anestbury@gmail.com

WE DELIVER USING
Uber Eats | Postmates


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.




# ਬੇਅਦਬੀ ਮਾਮਲੇ 'ਚ ਕੋਈ ਮਾਨਸਿਕ ਰੋਗੀ ਸ਼ਾਮਲ ਹੋਇਆ ਤਾਂ ਪਰਿਵਾਰ 'ਤੇ ਦਰਜ ਹੋਵੇਗਾ ਕੇਸ: ਭਗਵੰਤ ਮਾਨ

**ਜਲੰਧਰ : ਆਪਣਾ ਪੰਜਾਬ ਮੀਡੀਆ:** ਹਲਕਾ ਸੈਂਟਰਲ ਤੋਂ 'ਸ਼ੁਕਰਾਨਾ ਯਾਤਰਾ' ਦੀ ਸ਼ੁਰੂਆਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿੱਚ ਜੇ ਕੋਈ ਵਿਅਕਤੀ ਮਾਨਸਿਕ ਤੌਰ 'ਤੇ ਬਿਮਾਰ (ਮਾਨਸਿਕ ਰੋਗੀ) ਪਾਇਆ ਜਾਂਦਾ ਹੈ, ਤਾਂ ਹੁਣ ਉਸ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਮਾਮਲਾ ਦਰਜ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਸਪੱਸ਼ਟ ਕਰਦਿਆਂ ਕਿਹਾ ਕਿ ਅਜਿਹਾ ਨਹੀਂ ਚੱਲੇਗਾ ਕਿ ਘਰੋਂ ਕਿਸੇ ਮਾਨਸਿਕ ਰੋਗੀ ਨੂੰ ਸਿਖਾ-ਪੜ੍ਹਾ ਕੇ ਬੇਅਦਬੀ ਕਰਨ ਲਈ ਬਾਹਰ ਭੇਜ ਦਿੱਤਾ ਜਾਵੇ ਅਤੇ ਪਰਿਵਾਰ ਖ਼ੁਦ ਨੂੰ ਇਸ ਤੋਂ ਦੂਰ ਕਰ ਲਵੇ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਪਰਿਵਾਰ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਨ ਤੋਂ ਬਾਅਦ ਬੁੱਧਵਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ 'ਸ਼ੁਕਰਾਨਾ ਯਾਤਰਾ' ਸ਼ੁਰੂ ਕਰਕੇ ਭਗਵੰਤ ਮਾਨ ਰਾਤ ਨੂੰ ਜਲੰਧਰ ਪਹੁੰਚੇ। ਜਿਸ ਤੋਂ ਬਾਅਦ ਉਹ ਆਦਮਪੁਰ ਵਿੱਚ ਨੁੱਕੜ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਸਾਰੇ ਧਰਮਾਂ ਦਾ ਸਤਿਕਾਰ ਕਰਦੀ ਹੈ ਤੇ ਪੰਜਾਬ ਵਿੱਚ ਕਿਸੇ ਵੀ ਧਰਮ ਦੀ ਬੇਅਬਦੀ ਸਹਿਣ ਨਹੀਂ ਕੀਤੀ ਜਾਵੇਗੀ। ਇਸ ਮੌਕੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਵੀ ਹਾਜ਼ਰ ਸਨ। ਇਸ ਤੋਂ ਬਾਅਦ ਉਹ ਆਪਣੀ ਯਾਤਰਾ ਦੇ ਅਗਲੇ ਪੜਾਅ ਤਹਿਤ ਅੰਮ੍ਰਿਤਸਰ ਦੇ ਰਸਤੇ ਹੁੰਦੇ ਹੋਏ ਬਠਿੰਡਾ ਜ਼ਿਲ੍ਹੇ ਦੇ ਤਲਵੰਡੀ ਸਾਬੋ ਸਥਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਰਵਾਨਾ ਹੋਏ।

# ਮੋਹਾਲੀ ਵਿੱਚ ਈਡੀ ਦਾ ਛਾਪਾ; ਨੌਵੀਂ ਮੰਜ਼ਿਲ ਤੋਂ ਸੁੱਟੇ ਗਏ ਬੈਗ, ਉੱਡੀਆਂ 500-500 ਦੀਆਂ ਗੁੱਟੀਆਂ

## ਪਟਿਆਲਾ ਵਿੱਚ ਵੀ ਆਮ ਆਦਮੀ ਪਾਰਟੀ ਨਾਲ ਕਥਿਤ ਤੌਰ 'ਤੇ ਜੁੜੇ ਲੋਕਾਂ ਦੇ ਟਿਕਾਣਿਆਂ 'ਤੇ ਲਈ ਗਈ ਤਲਾਸ਼ੀ



**ਖਰੜ/ਮੋਹਾਲੀ : ਆਪਣਾ ਪੰਜਾਬ ਮੀਡੀਆ :** ਐਨਫੋਰਸਮੈਂਟ ਡਾਇਰੈਕਟੋਰੇਟ ਨੇ ਵੀਰਵਾਰ ਨੂੰ ਪੰਜਾਬ ਦੇ ਮੋਹਾਲੀ ਜ਼ਿਲ੍ਹੇ ਵਿੱਚ ਖਰੜ ਨੇੜੇ ਇੱਕ ਰਿਹਾਇਸ਼ੀ ਸੁਸਾਇਟੀ ਵਿੱਚ ਛਾਪੇਮਾਰੀ ਕੀਤੀ, ਜਿੱਥੇ ਕਾਰਵਾਈ ਦੌਰਾਨ ਨੌਵੀਂ ਮੰਜ਼ਿਲ ਦੇ ਇੱਕ ਫਲੈਟ ਤੋਂ ਕਥਿਤ ਤੌਰ 'ਤੇ ਨਕਦੀ ਵਾਲੇ ਬੈਗ ਸੁੱਟੇ ਗਏ ਸਨ। ਸੂਤਰਾਂ ਅਨੁਸਾਰ ਇਹ ਛਾਪੇਮਾਰੀ ਖਰੜ ਨੇੜੇ ਛੱਜੂ ਮਾਜਰਾ ਸਥਿਤ 'ਵੈਸਟਰਨ ਟਾਵਰਜ਼' ਦੇ ਫਲੈਟ ਨੰਬਰ 906 ਵਿੱਚ ਕੀਤੀ ਗਈ। ਤਲਾਸ਼ੀ ਮੁਹਿੰਮ ਦੌਰਾਨ ਇਮਾਰਤ ਦੇ ਅੰਦਰੋਂ ਕਥਿਤ ਤੌਰ 'ਤੇ ਨਕਦੀ ਦੇ ਬੰਡਲਾਂ ਵਾਲੇ ਦੋ ਬੈਗ ਸੁੱਟੇ ਗਏ। ਚਸ਼ਮਦੀਦਾਂ ਨੇ ਦਾਅਵਾ ਕੀਤਾ ਕਿ ਘਟਨਾ ਤੋਂ ਤੁਰੰਤ ਬਾਅਦ ਸੁਸਾਇਟੀ ਦੇ ਗਰਾਊਂਡ ਫਲੋਰ ਵਾਲੇ ਹਿੱਸੇ ਵਿੱਚ 500 ਰੁਪਏ ਦੇ ਕਰੰਸੀ ਨੋਟਾਂ ਦੇ ਬੰਡਲ ਖਿੱਲਰੇ ਹੋਏ ਦੇਖੇ ਗਏ। ਜਿਵੇਂ ਹੀ ਈਡੀ ਅਧਿਕਾਰੀਆਂ ਨੇ ਨਕਦੀ ਵਾਲੇ ਬੈਗ ਕਬਜ਼ੇ ਵਿੱਚ ਲਏ, ਨਿਵਾਸੀ ਮੌਕੇ 'ਤੇ ਇਕੱਠੇ ਹੋ ਗਏ। ਸੂਤਰਾਂ ਨੇ ਦੱਸਿਆ ਕਿ ਬੈਗਾਂ ਵਿੱਚੋਂ ਕਰੀਬ 21 ਲੱਖ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਹਾਲਾਂਕਿ, ਇਸ ਰਿਪੋਰਟ ਦੇ ਦਾਇਰ ਹੋਣ ਤੱਕ ਬਰਾਮਦ ਕੀਤੀ ਗਈ ਸਹੀ ਰਕਮ ਬਾਰੇ ਈਡੀ ਵੱਲੋਂ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਸੀ। ਕੇਂਦਰੀ ਏਜੰਸੀ ਦੇ ਅਧਿਕਾਰੀ ਕਈ ਘੰਟਿਆਂ ਤੱਕ ਫਲੈਟ ਦੇ ਅੰਦਰ ਦੱਸੇ ਗਏ ਸਨ ਅਤੇ ਤਲਾਸ਼ੀ ਦੀ ਕਾਰਵਾਈ ਦੌਰਾਨ ਅਪਾਰਟਮੈਂਟ ਅੰਦਰੋਂ ਬੰਦ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਫਲੈਟ ਨਿਤਿਨ ਬਜਾਜ ਦਾ ਹੈ, ਹਾਲਾਂਕਿ ਅਧਿਕਾਰਤ ਮਾਲਕੀ ਵੇਰਵਿਆਂ ਦੀ ਅਜੇ ਪੁਸ਼ਟੀ ਹੋਣੀ ਬਾਕੀ ਹੈ। ਸੂਤਰਾਂ ਨੇ ਦਾਅਵਾ ਕੀਤਾ ਕਿ ਛਾਪੇਮਾਰੀ ਵਾਲੀਆਂ ਥਾਵਾਂ ਵਿੱਚੋਂ ਇੱਕ ਸੀਨੀਅਰ ਸਿਆਸੀ ਅਹੁਦੇਦਾਰ ਨਾਲ ਜੁੜੀ ਹੋਈ ਸੀ।

# ਧਮਾਕਿਆਂ ਪਿੱਛੇ ਆਈ ਐੱਸ ਆਈ ਦਾ ਹੱਥ: DGP ਗੌਰਵ ਯਾਦਵ

## ਦੋਵਾਂ ਧਮਾਕਿਆਂ ਲਈ ਆਈ ਈ ਡੀ ਵਰਤਣ ਦਾ ਦਾਅਵਾ

**ਜਲੰਧਰ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿੱਚ ਮੰਗਲਵਾਰ ਰਾਤ ਅੰਮ੍ਰਿਤਸਰ ਅਤੇ ਜਲੰਧਰ ਵਿੱਚ ਹੋਏ ਦੋ ਵੱਖ-ਵੱਖ ਧਮਾਕਿਆਂ ਨੇ ਸੂਬੇ ਦੀ ਸੁਰੱਖਿਆ ਏਜੰਸੀਆਂ ਨੂੰ ਚੌਕਸ ਕਰ ਦਿੱਤਾ ਹੈ।



ਭਾਵੇਂ ਇਨ੍ਹਾਂ ਧਮਾਕਿਆਂ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਇਲਾਕਿਆਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਮੁੱਢਲੀ ਜਾਂਚ ਅਨੁਸਾਰ ਦੋਵਾਂ ਘਟਨਾਵਾਂ ਵਿੱਚ ਆਈਈਡੀ (ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਦੀ ਵਰਤੋਂ ਕੀਤੀ ਗਈ ਹੈ। ਪਹਿਲਾ ਧਮਾਕਾ ਜਲੰਧਰ ਵਿੱਚ ਰਾਤ ਕਰੀਬ 8 ਵਜੇ ਬੀਐੱਸਐੱਫ ਪੰਜਾਬ ਫਰੰਟੀਅਰ ਹੈੱਡਕੁਆਰਟਰ ਦੇ ਬਾਹਰ ਹੋਇਆ, ਜਦਕਿ ਦੂਜਾ ਧਮਾਕਾ ਤਿੰਨ ਘੰਟਿਆਂ ਬਾਅਦ ਅੰਮ੍ਰਿਤਸਰ ਦੇ ਖਾਸਾ ਇਲਾਕੇ ਵਿੱਚ ਫੌਜੀ ਛਾਉਣੀ ਨੇੜੇ ਵਾਪਰਿਆ। ਅੰਮ੍ਰਿਤਸਰ ਧਮਾਕੇ ਕਾਰਨ ਛਾਉਣੀ ਦੀ ਕੰਧ ਨੂੰ ਨੁਕਸਾਨ ਪਹੁੰਚਿਆ ਅਤੇ ਧਮਾਕੇ ਦੀ ਆਵਾਜ਼ ਦੂਰ ਤੱਕ ਸੁਣਾਈ ਦਿੱਤੀ।

ਘਟਨਾ ਤੋਂ ਬਾਅਦ ਫੌਜ, ਬੀਐੱਸਐੱਫ ਅਤੇ ਪੰਜਾਬ ਪੁਲੀਸ ਤੁਰੰਤ ਹਰਕਤ ਵਿੱਚ ਆ ਗਏ। ਬੰਬ ਨਿਰੋਧਕ ਦਸਤਿਆਂ ਅਤੇ ਫੋਰੈਂਸਿਕ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ। ਡੀਜੀਪੀ ਗੌਰਵ ਯਾਦਵ ਨੇ ਦੋਵਾਂ ਥਾਵਾਂ ਦਾ ਦੌਰਾ ਕਰਕੇ ਸੁਰੱਖਿਆ ਹਾਲਾਤ ਦੀ ਸਮੀਖਿਆ ਕੀਤੀ। ਡੀਜੀਪੀ ਨੇ ਦੱਸਿਆ ਕਿ ਅੰਮ੍ਰਿਤਸਰ ਧਮਾਕਾ ਘੱਟ ਤੀਬਰਤਾ ਵਾਲਾ ਸੀ ਅਤੇ ਮੌਕੇ ਤੋਂ ਮਿਲੇ ਸਬੂਤਾਂ ਤੋਂ ਇਸ਼ਾਰਾ ਮਿਲਦਾ ਹੈ ਕਿ ਡਿਵਾਈਸ ਨੂੰ ਰਿਮੋਟ ਕੰਟਰੋਲ ਜਾਂ ਟਾਈਮਰ ਰਾਹੀਂ ਐਕਟੀਵੇਟ ਕੀਤਾ ਗਿਆ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਪਿੱਛੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਦੀ ਭੂਮਿਕਾ ਹੋਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ।


Copyright: Apna Punjab Media 2025-26
Graphic & Design: Apna Punjab Media Team


STI CONSULTANTS
COMMERCIAL FINANCE

# COMMERCIAL MORTGAGE FINANCING

SIZE:$500,000 TO $500 MILLION

**RAVI CHOPRA**
**CEO STI CONSULTANTS**
OFFICE:718-886-8517 | CELL:917-705-7708
RAVI@STICONSULTANTS.COM





**SPECIALIZE IN**

HOTELS | MOTELS | CONSTRUCTION LOANS | GAS STATIONS
OFFICE | BUILDINGS | MIX USE PROPERTIES | CHURCH LOAN
HARD MONEY LOAN | APARTMENT BUILDINGS | BUSINESS LINE OF CREDIT

**All Kinds of Commercial Financing All Over USA**

OFFICES:
43-39 2nd Floor Main Street, Flushing, NY, 11355
508 HUMBOLDT STREET, BROOKLYN NY 11222
NEW JERSEY - CHICAGO

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
apna punjab media
Follow Us On /apnapunjabmedia
www.apnapunjabmedia.com newsroom@apnapunjabmedia.com


ਕਥਾ ਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ (ਅਮਰੀਕਾ) ਵਾਲਿਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆ ਤੇ ਲਿਖੇ ਗਏ ਲੇਖ ਅਸੀ ਆਪਣਾ ਪੰਜਾਬ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਵੱਲੋਂ ਗੁਰਮੀਤ ਸਿੰਘ ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ


ਗਿਆਨੀ ਧਰਮਵੀਰ ਸਿੰਘ

ਕਿਸ਼ਤ ਨੰਬਰ 71

# ਸਿਖੀ ਸਿਖਿਆ ਗੁਰ ਵੀਚਾਰਿ

ਸਿੱਖ ਉਹ ਹੈ ਜਿਸ ਦੇ ਅੰਦਰ ਸਿੱਖੀ ਹੈ। ਸਿੱਖੀ ਉਸ ਦੇ ਅੰਦਰ ਹੈ ਜਿਸ ਪਾਸ ਗੁਰ ਦੀ ਸਿੱਖਿਆ ਹੈ। ਗੁਰ ਦੀ ਸਿੱਖਿਆ ਉਸ ਕੋਲ ਹੈ ਜਿਸ ਕੋਲ ਗੁਰੂ ਦੀ ਵੀਚਾਰ ਹੈ ਭਾਵ ਜਿਸ ਦੇ ਪਾਸ ਗੁਰੂ ਦੀ ਮੱਤ ਹੈ, ਜੋ ਗੁਰਮਤਿ ਦਾ ਧਾਰਨੀ ਹੈ ਗੁਰਬਾਣੀ ਦਾ ਫੁਰਮਾਨ ਹੈ ਕਿ ਪੜਨ ਲਿਖਣ ਵੀਚਾਰਨ ਅਤੇ ਪੂਜਾ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਅਸੀਂ ਸਤਿਗੁਰ ਜੀ ਦੀ ਆਗਿਆ ਨੂੰ ਸਤ ਕਰਕੇ ਮੰਨਿਆ ਅਤੇ ਕਮਾਇਆ ਹੈ :-

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥ (ਅੰਗ ੬੬੯ )

ਗੁਰਬਾਣੀ ਦਾ ਬਚਨ ਹੈ ਕਿ ਭਾਵੇਂ ਸਾਰੀ ਉਮਰ ਧਾਰਮਿਕ ਪੁਸਤਕਾਂ ਪੜ੍ਹਦੇ ਰਹੀਏ ਗੱਡਿਆਂ ਦੇ ਗੱਡੇ ਕਿਤਾਬਾਂ ਦੇ ਪੜ੍ਹ ਲਈਏ ਪਰ ਜੇ ਅਮਲ ਨਹੀਂ ਕੀਤਾ ਤਾਂ ਸਭ ਕੁਝ ਵਿਅਰਥ :-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ॥ (ਆਸਾ ਦੀ ਵਾਰ)
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦ ਨ ਕਰੇ ਵੀਚਾਰ॥ (ਅੰਗ ੫੯੪)

ਗੁਰਬਾਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਸਾਨੂੰ ਮਨ ਨੂੰ ਠੋਕਰ ਮਾਰਨ ਲਈ ਅੰਮ੍ਰਿਤ ਬੋਲ ਹਨ ਕਿ ਖੰਡ ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਸਕਦਾ। ਅੱਗ ਅੱਗ ਕਹਿਣ ਨਾਲ ਠੰਡ ਨਹੀਂ ਰੁਕ ਸਕਦੀ। ਵੈਦ ਵੈਦ ਕਹਿਣ ਨਾਲ ਰੋਗ ਨਹੀਂ ਮੁੱਕਣਾ। ਧਨ ਧਨ ਕਹਿਣ ਨਾਲ ਅਮੀਰ ਨਹੀਂ ਬਣ ਜਾਈਦਾ। ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ ਨਹੀਂ ਬਣਦੀ ਇਥੇ ਤਾਂ ਕਰਨੀ ਪ੍ਰਧਾਨ ਹੈ :-

ਖਾਂਡ ਖਾਂਡ ਕਹੈ ਜਿਹਬ ਨਾਂ ਸੁਆਦ ਮੀਠੋ ਆਵੈ।
ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਨ ਮਿਟਤ ਕਾਹੂ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨਾ ਬਿਲਾਸ ਹੈ।
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸ
ਚੰਦ ਚੰਦ ਕਹੈ ਉਜੀਆਰੋ ਨਾ ਪਰਗਾਸ ਹੈ।
ਤੈਸੇ ਗਿਆਨ ਗੋਸ਼ਟ ਕਰਤ ਨ ਰਹਿਤ
ਆਵੈ ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ।

ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ

ਪੂਛਤ ਪਥਕਿ ਤਿਹ ਮਾਰਗ ਨਾ ਧਰੈ ਪਗ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ॥

ਭਾਵੇਂ ਸਾਡੇ ਪਾਸ ਗੁਰਮਤਿ ਮਰਯਾਦਾ ਅਤੇ ਕਰਣੀ ਨਹੀਂ, ਅਸੀਂ ਗੁਰ ਉਪਦੇਸ਼ ਕਮਾਵਣ ਵਲੋਂ ਕੋਰੇ ਹਾਂ, ਪਰ ਫਿਰ ਵੀ ਸਮਝਦੇ ਆਪਣੇ ਆਪ ਨੂੰ ਸਿੱਖ ਹਾਂ। ਨਹੀਂ ਭਾਈ! ਸਿੱਖੀ ਸਿਖਿਆ ਗੁਰ ਵੀਚਾਰਿ ਦਾ ਧਾਰਨੀ ਬਣਨਾ ਪਵੇਗਾ ਤਾਂ ਹੀ ਸਿੱਖ ਅਖਵਾਣ ਕੇ ਹੱਕਦਾਰ ਹੋਵਾਂਗੇ।

ਚਲਦਾ...


Copyright: Apna Punjab Media 2025-26

CENTER FOR SOCIAL CHANGE
We Change Lives

# CENTER FOR SOCIAL CHANGE

## OUR VISION

Our vision is to provide programs & services to individuals with developmental disabilities & related disorders including autism to live & work in the community & exercise their rights, choice - & freedom & to live independent of institutional life through integrated effects of change agents who are passionate about changing lives of people with disabilities throughout the world.





**JASDEEP SINGH JASSI**
CHAIRMAN
CENTER FOR SOCIAL CHANGE



**SAJID TRAR**
CHAIRMAN
CENTER FOR SOCIAL CHANGE

6600 Amberton Dr. Elkridge, MD 21075, USA

Phone: 41-569-6789

Fax: 41-796-1201

www.centerforsocialckange.org

E-mail: info@centerforsocialchange.org


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1918 | SATURDAY MAY 09, 2026


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਪਹਿਲੀ ਵਰ੍ਹੇਗੰਢ - Operation Sindoor: ਅਤਿਵਾਦ ਨੂੰ ਹਰਾਉਣ ਅਤੇ ਇਸ ਦੇ ਸਹਾਇਕ ਈਕੋਸਿਸਟਮ ਨੂੰ ਤਬਾਹ ਕਰਨ ਦੇ ਸੰਕਲਪ 'ਤੇ ਅਟੱਲ ਰਹੋ: ਪੀਐਮ ਮੋਦੀ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ** : ਅੱਜ 'Operation Sindoor' ਦੀ ਪਹਿਲੀ ਵਰ੍ਹੇਗੰਢ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਥਿਆਰਬੰਦ ਬਲਾਂ ਦੀ ਬਹਾਦਰੀ ਨੂੰ ਸਲਾਮ ਕਰਦਿਆਂ ਕਿਹਾ ਕਿ ਭਾਰਤ ਅਤਿਵਾਦ ਨੂੰ ਹਰਾਉਣ ਅਤੇ ਇਸ ਦੇ ਸਹਾਇਕ ਈਕੋਸਿਸਟਮ (enabling ecosystem) ਨੂੰ ਤਬਾਹ ਕਰਨ ਦੇ ਆਪਣੇ ਸੰਕਲਪ 'ਤੇ ਅਟੱਲ ਹੈ।

ਪੀਐਮ ਮੋਦੀ, ਜਿਨ੍ਹਾਂ ਨੇ Operation Sindoor ਦੇ ਲੋਗੋ ਨੂੰ ਪ੍ਰਦਰਸ਼ਿਤ ਕਰਨ ਲਈ 'X" 'ਤੇ ਤਸਵੀਰ ਬਦਲੀ, ਨੇ ਕਿਹਾ ਕਿ ਇੱਕ ਸਾਲ ਪਹਿਲਾਂ, ਸਾਡੇ ਹਥਿਆਰਬੰਦ ਬਲਾਂ ਨੇ Operation Sindoor ਦੌਰਾਨ ਬੇਮਿਸਾਲ ਹਿੰਮਤ, ਸ਼ੁੱਧਤਾ ਅਤੇ ਸੰਕਲਪ



ਦਾ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਹਿਲਗਾਮ ਵਿੱਚ ਬੇਗੁਨਾਹ ਭਾਰਤੀਆਂ 'ਤੇ ਹਮਲਾ ਕਰਨ ਦੀ ਹਿੰਮਤ ਕਰਨ ਵਾਲਿਆਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ। ਪੂਰਾ ਦੇਸ਼ ਸਾਡੀਆਂ ਫੌਜਾਂ ਨੂੰ ਉਨ੍ਹਾਂ ਦੀ ਬਹਾਦਰੀ ਲਈ ਸਲਾਮ ਕਰਦਾ ਹੈ।

ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ Operation Sindoor ਅਤਿਵਾਦ ਵਿਰੁੱਧ ਭਾਰਤ ਦੇ ਦ੍ਰਿੜ ਜਵਾਬ ਅਤੇ ਰਾਸ਼ਟਰੀ ਸੁਰੱਖਿਆ ਦੀ ਰਾਖੀ ਲਈ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ, "ਇਸ ਨੇ ਸਾਡੇ ਹਥਿਆਰਬੰਦ ਬਲਾਂ ਦੀ ਪੇਸ਼ੇਵਰਤਾ, ਤਿਆਰੀ ਅਤੇ ਤਾਲਮੇਲ ਵਾਲੀ ਤਾਕਤ ਨੂੰ ਵੀ ਉਜਾਗਰ ਕੀਤਾ। ਇਸ ਦੇ ਨਾਲ ਹੀ ਇਸ ਨੇ ਸਾਡੀਆਂ ਫੌਜਾਂ ਵਿਚਕਾਰ ਵਧਦੀ ਸਾਂਝ ਨੂੰ ਪ੍ਰਦਰਸ਼ਿਤ ਕੀਤਾ ਅਤੇ ਉਸ ਤਾਕਤ ਨੂੰ ਰੇਖਾਂਕਿਤ ਕੀਤਾ ਜੋ ਰੱਖਿਆ ਖੇਤਰ ਵਿੱਚ ਆਤਮ-ਨਿਰਭਰਤਾ ਦੀ ਭਾਰਤ ਦੀ ਖੋਜ ਨੇ ਸਾਡੀ ਰਾਸ਼ਟਰੀ ਸੁਰੱਖਿਆ ਵਿੱਚ ਲਿਆਂਦੀ ਹੈ।

## ਪੱਛਮੀ ਬੰਗਾਲ 'ਚ ਬੰਬ ਹਮਲੇ 'ਚ 5 ਭਾਜਪਾ ਵਰਕਰ ਹੋਏ ਜ਼ਖਮੀ



**ਕੋਲਕਾਤਾ : ਆਪਣਾ ਪੰਜਾਬ ਮੀਡੀਆ :** ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਪਾਣੀਹਾਟੀ ਵਿੱਚ ਕਥਿਤ ਤੌਰ 'ਤੇ ਇੱਕ ਬੰਬ ਧਮਾਕੇ ਵਿੱਚ ਭਾਜਪਾ ਦੇ ਪੰਜ ਸਮਰਥਕ ਜ਼ਖਮੀ ਹੋ ਗਏ ਹਨ, ਪੁਲੀਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਘਟਨਾ ਬੁੱਧਵਾਰ ਦੇਰ ਰਾਤ ਭਾਜਪਾ ਨੇਤਾ ਸ਼ੁਭੇਂਦੂ ਅਧਿਕਾਰੀ ਦੇ ਕਰੀਬੀ ਸਹਿਯੋਗੀ ਚੰਦਰਨਾਥ ਰਥ ਦੀ ਮੋਟਰਸਾਈਕਲ ਸਵਾਰ ਹਮਲਾਵਰਾਂ ਦੁਆਰਾ ਗੋਲੀ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਕੁਝ ਘੰਟਿਆਂ ਬਾਅਦ ਵਾਪਰੀ ਹੈ। ਬੰਬ ਧਮਾਕਾ ਪਾਣੀਹਾਟੀ ਵਿੱਚ ਸੇਂਟ ਜ਼ੇਵੀਅਰਜ਼ ਇੰਸਟੀਚਿਊਟ ਦੇ ਨੇੜੇ ਹੋਇਆ। ਪੁਲੀਸ ਨੇ ਦੱਸਿਆ ਕਿ ਅਣਪਛਾਤੇ ਹਮਲਾਵਰਾਂ ਨੇ ਭਾਜਪਾ ਵਰਕਰਾਂ ਦੇ ਇੱਕ ਸਮੂਹ 'ਤੇ ਦੇਸੀ ਬੰਬ ਸੁੱਟੇ, ਜਿਸ ਵਿੱਚ ਘੱਟੋ-ਘੱਟ ਪੰਜ ਲੋਕ ਜ਼ਖਮੀ ਹੋ ਗਏ।

ਉਨ੍ਹਾਂ ਦੱਸਿਆ ਕਿ ਜ਼ਖਮੀਆਂ ਨੂੰ ਕੋਲਕਾਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਭਾਜਪਾ ਨੇ ਦੋਸ਼ ਲਾਇਆ ਕਿ ਹਮਲਾਵਰਾਂ ਨੂੰ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੀ ਹਮਾਇਤ ਹਾਸਲ ਸੀ, ਜਿਸ ਦੋਸ਼ ਨੂੰ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਪਾਰਟੀ ਨੇ ਨਕਾਰ ਦਿੱਤਾ ਹੈ।

## ਹਿਮੰਤਾ ਬਿਸਵਾ ਸ਼ਰਮਾ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਦਿੱਤਾ ਅਸਤੀਫ਼ਾ



**ਗੁਹਾਟੀ : ਆਪਣਾ ਪੰਜਾਬ ਮੀਡੀਆ :** ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਨੇ ਅੱਜ ਆਪਣੇ ਮੰਤਰੀ ਮੰਡਲ ਦੇ ਸਾਥੀਆਂ ਸਣੇ ਅਸਤੀਫ਼ਾ ਦੇ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਕਦਮ ਭਾਜਪਾ ਦੀ ਅਗਵਾਈ ਵਾਲੀ ਨਵੀਂ ਸਰਕਾਰ ਦੇ ਗਠਨ ਦਾ ਰਸਤਾ ਸਾਫ਼ ਕਰਨ ਲਈ ਚੁੱਕਿਆ ਗਿਆ ਹੈ।

126 ਮੈਂਬਰੀ ਵਿਧਾਨ ਸਭਾ ਵਿੱਚ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਨੇ 102 ਸੀਟਾਂ ਜਿੱਤੀਆਂ ਹਨ। ਰਾਜਪਾਲ ਨੇ ਅਸਤੀਫ਼ਾ ਸਵੀਕਾਰ ਕਰ ਲਿਆ ਹੈ ਅਤੇ ਸਰਮਾ ਨੂੰ ਨਵੀਂ ਸਰਕਾਰ ਦੇ ਅਹੁਦਾ ਸੰਭਾਲਣ ਤੱਕ ਕਾਰਜਕਾਰੀ ਮੁੱਖ ਮੰਤਰੀ ਵਜੋਂ ਸੇਵਾਵਾਂ ਜਾਰੀ ਰੱਖਣ ਦੀ ਬੇਨਤੀ ਕੀਤੀ ਹੈ। ਲੋਕ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਰਮਾ ਨੇ ਦੱਸਿਆ ਕਿ ਸਹੁੰ ਚੁੱਕ ਸਮਾਗਮ 11 ਮਈ ਤੋਂ ਬਾਅਦ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਜਿੱਤ ਹੈ, ਇਸ ਲਈ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮੌਕੇ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।

## Suvendu Adhikari ਦੇ ਸਹਿਯੋਗੀ ਦੀ ਗੋਲੀ ਮਾਰ ਕੇ ਹੱਤਿਆ



**ਕੋਲਕਾਤਾ : ਆਪਣਾ ਪੰਜਾਬ ਮੀਡੀਆ :** ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਿਆਸੀ ਤਣਾਅ ਦਰਮਿਆਨ ਭਾਜਪਾ ਨੇਤਾ ਸ਼ੁਭੇਂਦੂ ਅਧਿਕਾਰੀ ਦੇ ਕਰੀਬੀ ਸਹਿਯੋਗੀ ਚੰਦਰਨਾਥ ਰਥ ਦੀ ਉੱਤਰੀ 24 ਪਰਗਨਾ ਦੇ ਮੱਧਮਗ੍ਰਾਮ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਹਮਲਾਵਰਾਂ ਨੇ ਰਾਤ ਕਰੀਬ 10:30 ਵਜੇ ਰਥ ਦੀ ਗੱਡੀ ਰੋਕ ਕੇ ਨੇੜੇ ਤੋਂ ਗੋਲੀਆਂ ਚਲਾਈਆਂ ਅਤੇ ਫ਼ਰਾਰ ਹੋ ਗਏ। ਹਸਪਤਾਲ ਵਿੱਚ ਡਾਕਟਰਾਂ ਨੇ ਰਥ ਨੂੰ ਮ੍ਰਿਤਕ ਐਲਾਨ ਦਿੱਤਾ, ਜਦਕਿ ਉਨ੍ਹਾਂ ਦਾ ਡਰਾਈਵਰ ਗੰਭੀਰ ਜ਼ਖ਼ਮੀ ਹੈ। ਭਾਜਪਾ ਨੇ ਇਸਨੂੰ "ਟਾਰਗੇਟਿਡ ਕਤਲ" ਦੱਸਦੇ ਹੋਏ ਤ੍ਰਿਣਮੂਲ ਕਾਂਗਰਸ 'ਤੇ ਬਦਲਾਖੋਰੀ ਦੀ ਹਿੰਸਾ ਦਾ ਦੋਸ਼ ਲਗਾਇਆ ਹੈ। ਪੁਲਿਸ ਨੇ ਮੌਕੇ ਤੋਂ ਕਾਰਤੂਸ ਅਤੇ ਇੱਕ ਸ਼ੱਕੀ ਕਾਰ ਬਰਾਮਦ ਕੀਤੀ ਹੈ। ਫੋਰੈਂਸਿਕ ਟੀਮਾਂ ਜਾਂਚ ਕਰ ਰਹੀਆਂ ਹਨ ਅਤੇ ਸੀਸੀਟੀਵੀ ਫੁਟੇਜ ਖੰਗਾਲੀ ਜਾ ਰਹੀ ਹੈ। ਤ੍ਰਿਣਮੂਲ ਕਾਂਗਰਸ ਨੇ ਵੀ ਘਟਨਾ ਦੀ ਨਿੰਦਾ ਕਰਦਿਆਂ ਸੀਬੀਆਈ ਜਾਂਚ ਦੀ ਮੰਗ ਕੀਤੀ ਹੈ।

Read USA/CANADA International Daily Edition
Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com






Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1918 | SATURDAY MAY 09, 2026






Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media



Founder & Chief Editor: Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com





- ਦੋਵੇਂ ਮੁਲਕਾਂ ਵਿਚਾਲੇ 13 ਸਮਝੌਤਿਆਂ 'ਤੇ ਦਸਤਖ਼ਤ
- ਮੋਦੀ-ਲਾਮ ਨੇ ਚੀਨ ਦੇ ਵਧ ਰਹੇ ਅਸਰ ਬਾਰੇ ਵੀ ਵਿਚਾਰ ਕੀਤਾ

# ਭਾਰਤ-ਵੀਅਤਨਾਮ 'ਚ 25 ਅਰਬ ਡਾਲਰ ਦੇ ਵਪਾਰ ਦਾ ਰੱਖਿਆ ਗਿਆ ਟੀਚਾ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵੀਅਤਨਾਮ ਦੇ ਰਾਸ਼ਟਰਪਤੀ ਤੋ ਲਾਮ ਵਿਚਾਲੇ ਹੋਈ ਵਾਰਤਾ ਮਗਰੋਂ ਬੁੱਧਵਾਰ ਨੂੰ ਭਾਰਤ ਅਤੇ ਵੀਅਤਨਾਮ ਨੇ ਆਪਣੇ ਸਬੰਧਾਂ ਨੂੰ ਵਧਾ ਕੇ ਵਿਆਪਕ ਰਣਨੀਤਕ ਭਾਈਵਾਲੀ ਦੇ ਪੱਧਰ ਤੱਕ ਪਹੁੰਚਾਉਣ ਦਾ ਫ਼ੈਸਲਾ ਲਿਆ ਹੈ। ਇਸ ਦੇ ਨਾਲ ਸਾਲ 2030 ਤੱਕ 25 ਅਰਬ ਡਾਲਰ ਦੇ ਸਾਲਾਨਾ ਵਪਾਰ ਦਾ ਟੀਚਾ ਤੈਅ ਕੀਤਾ ਗਿਆ ਹੈ। ਦੋਵੇਂ ਪ੍ਰਧਾਨ ਮੰਤਰੀਆਂ ਨੇ ਆਲਮੀ ਹਾਲਾਤ ਦੇ ਮੱਦੇਨਜ਼ਰ ਵਪਾਰ, ਰੱਖਿਆ ਅਤੇ ਅਹਿਮ ਖਣਿਜਾਂ ਦੇ ਖੇਤਰ 'ਚ ਦੁਵੱਲੇ ਸਬੰਧਾਂ ਦੇ ਵਿਸਤਾਰ 'ਤੇ ਧਿਆਨ ਕੇਂਦਰਤ ਕੀਤਾ। ਮੋਦੀ-ਲਾਮ ਦੀ ਮੁਲਾਕਾਤ ਮਗਰੋਂ ਦੋਵੇਂ ਮੁਲਕਾਂ ਨੇ 13 ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜੋ ਡਿਜੀਟਲ ਭੁਗਤਾਨ, ਅਹਿਮ ਖਣਿਜਾਂ, ਦਵਾਈਆਂ, ਸਿੱਖਿਆ, ਬੈਂਕਿੰਗ ਅਤੇ ਸੱਭਿਆਚਾਰ ਸਮੇਤ ਵੱਖ ਵੱਖ ਖੇਤਰਾਂ 'ਚ ਡੂੰਘੀ ਭਾਈਵਾਲੀ ਦਾ ਰਾਹ ਖੋਲ੍ਹਣਗੇ। ਮੋਦੀ ਅਤੇ ਲਾਮ ਨੇ ਹਿੰਦ-ਪ੍ਰਸ਼ਾਂਤ ਖ਼ਿੱਤੇ 'ਚ ਚੀਨ ਵੱਲੋਂ ਦਬਦਬਾ ਵਧਾਉਣ ਦੀਆਂ ਕੋਸ਼ਿਸ਼ਾਂ ਦਰਮਿਆਨ ਖੇਤਰ ਦੇ ਹਾਲਾਤ ਬਾਰੇ ਵੀ ਚਰਚਾ ਕੀਤੀ ਅਤੇ ਕਾਨੂੰਨ ਪ੍ਰਬੰਧ, ਸ਼ਾਂਤੀ, ਸਥਿਰਤਾ ਤੇ ਖ਼ੁਸ਼ਹਾਲੀ 'ਚ ਯੋਗਦਾਨ ਦਿੰਦੇ ਰਹਿਣ 'ਤੇ ਵੀ ਸਹਿਮਤੀ ਜਤਾਈ। ਸਮਝਿਆ ਜਾਂਦਾ ਹੈ ਕਿ ਦੱਖਣੀ ਚੀਨ ਸਾਗਰ 'ਚ ਚੀਨ ਦਾ ਵਧਦਾ ਫ਼ੌਜੀ ਦਬਦਬਾ ਵੀ ਦੋਵੇਂ ਧਿਰਾਂ ਦੀ ਵਫ਼ਦ ਪੱਧਰ ਦੀ ਵਾਰਤਾ 'ਚ ਸਾਹਮਣੇ ਆਇਆ।

# ਨਿਤੀਸ਼ ਕੁਮਾਰ ਦੇ ਪੁੱਤਰ ਨਿਸ਼ਾਂਤ ਸਮੇਤ 31 ਮੰਤਰੀਆਂ ਨੇ ਬਿਹਾਰ ਦੇ ਮੰਤਰੀ ਵਜੋਂ ਚੁੱਕੀ ਸਹੁੰ

**ਪਟਨਾ : ਆਪਣਾ ਪੰਜਾਬ ਮੀਡੀਆ :** ਬਿਹਾਰ ਵਿੱਚ ਸਮਰਾਟ ਚੌਧਰੀ ਸਰਕਾਰ ਦੇ ਇੱਕ ਵੱਡੇ ਵਿਸਥਾਰ ਵਿੱਚ, ਜਨਤਾ ਦਲ (ਯੂ) ਸੁਪਰੀਮੋ ਨਿਤੀਸ਼ ਕੁਮਾਰ ਦੇ ਪੁੱਤਰ ਨਿਸ਼ਾਂਤ ਕੁਮਾਰ ਅਤੇ 30 ਹੋਰਾਂ ਨੇ ਵੀਰਵਾਰ ਨੂੰ ਗਾਂਧੀ ਮੈਦਾਨ ਵਿੱਚ ਇੱਕ ਸਮਾਗਮ ਵਿੱਚ ਮੰਤਰੀਆਂ ਵਜੋਂ ਸਹੁੰ ਚੁੱਕੀ।




ਰਾਜ ਦੇ ਪੰਜ-ਪਾਰਟੀ ਐਨਡੀਏ ਦੇ ਸਾਰੇ ਹਿੱਸਿਆਂ ਤੋਂ ਲਏ ਗਏ ਕੁੱਲ 31 ਲੋਕਾਂ ਨੂੰ ਰਾਜਪਾਲ ਲੈਫਟੀਨੈਂਟ ਜਨਰਲ ਸਈਦ ਅਤਾ ਹਸਨੈਨ (ਸੇਵਾਮੁਕਤ) ਨੇ ਅਹੁਦੇ ਦੀ ਸਹੁੰ ਚੁਕਾਈ। ਨਿਸ਼ਾਂਤ ਕੁਮਾਰ ਅਤੇ ਸਾਬਕਾ ਉਪ ਮੁੱਖ ਮੰਤਰੀ ਵਿਜੇ ਕੁਮਾਰ ਸਿਨਹਾ ਤੋਂ ਇਲਾਵਾ, ਸਾਬਕਾ ਮੰਤਰੀ ਸ਼ਰਾਵਨ ਕੁਮਾਰ ਅਤੇ ਅਸ਼ੋਕ ਚੌਧਰੀ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ। ਸਹੁੰ ਚੁੱਕ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਜਨਤਾ ਦਲ (ਯੂ) ਦੇ ਮੁਖੀ ਨਿਤੀਸ਼ ਕੁਮਾਰ ਅਤੇ ਰਾਜ ਵਿੱਚ ਸੱਤਾਧਾਰੀ ਐਨਡੀਏ ਦੇ ਹੋਰ ਸੀਨੀਅਰ ਆਗੂ ਸ਼ਾਮਲ ਹੋਏ।

ਭਾਜਪਾ ਦੀ ਅਗਵਾਈ ਵਾਲੀ ਸਰਕਾਰ ਪਿਛਲੇ ਮਹੀਨੇ ਉਦੋਂ ਬਣੀ ਸੀ ਜਦੋਂ ਜਨਤਾ ਦਲ (ਯੂ) ਦੇ ਪ੍ਰਧਾਨ ਨਿਤੀਸ਼ ਕੁਮਾਰ ਨੇ ਰਾਜ ਸਭਾ ਲਈ ਚੁਣੇ ਜਾਣ ਤੋਂ ਬਾਅਦ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ, ਅਤੇ ਚੌਧਰੀ ਨੇ ਉਨ੍ਹਾਂ ਦੀ ਥਾਂ ਲਈ, ਜੋ ਬਿਹਾਰ ਵਿੱਚ ਸਰਕਾਰ ਦੀ ਅਗਵਾਈ ਕਰਨ ਵਾਲੇ ਪਹਿਲੇ ਭਗਵਾ ਪਾਰਟੀ ਨੇਤਾ ਸਨ।

# West Bengal ਵਿੱਚ ਭਾਜਪਾ ਸਰਕਾਰ ਦਾ ਸਹੁੰ ਚੁੱਕ ਸਮਾਗਮ 9 ਮਈ ਨੂੰ



**ਕੋਲਕਾਤਾ : ਆਪਣਾ ਪੰਜਾਬ ਮੀਡੀਆ :** ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਸਮਿਕ ਭੱਟਾਚਾਰੀਆ ਨੇ ਬੁੱਧਵਾਰ ਨੂੰ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਸੂਬੇ ਵਿੱਚ ਨਵੀਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦਾ ਸਹੁੰ ਚੁੱਕ ਸਮਾਗਮ 9 ਮਈ ਨੂੰ ਆਯੋਜਿਤ ਕੀਤਾ ਜਾਵੇਗਾ। ਭੱਟਾਚਾਰੀਆ ਨੇ ਕੋਲਕਾਤਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਇਤਿਹਾਸਕ ਸਹੁੰ ਚੁੱਕ ਸਮਾਗਮ ਮੱਧ ਕੋਲਕਾਤਾ ਦੇ ਮਸ਼ਹੂਰ ਬ੍ਰਿਗੇਡ ਪਰੇਡ ਗਰਾਊਂਡ ਵਿੱਚ ਸਵੇਰੇ 10 ਵਜੇ ਹੋਵੇਗਾ, ਜਿਸ ਲਈ ਪਾਰਟੀ ਵੱਲੋਂ ਵੱਡੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਦਿਨ ਪੱਛਮੀ ਬੰਗਾਲ ਦੀ ਸਿਆਸਤ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ। ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਹੋਈਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਹੂੰਝਾ ਫੇਰੂ ਜਿੱਤ ਦਰਜ ਕਰਦਿਆਂ ਸੂਬੇ ਦੀ ਸਿਆਸੀ ਤਸਵੀਰ ਪੂਰੀ ਤਰ੍ਹਾਂ ਬਦਲ ਦਿੱਤੀ ਹੈ। ਇਸ ਜਿੱਤ ਨਾਲ ਸੂਬੇ ਵਿੱਚ ਪਿਛਲੇ 15 ਸਾਲਾਂ ਤੋਂ ਚੱਲ ਰਹੇ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ (TMC) ਦੇ ਸ਼ਾਸਨ ਦਾ ਅੰਤ ਹੋ ਗਿਆ ਹੈ। ਸਾਲ 2011 ਵਿੱਚ ਤ੍ਰਿਣਮੂਲ ਕਾਂਗਰਸ ਨੇ ਖੱਬੇ ਪੱਖੀਆਂ ਦੇ 34 ਸਾਲਾਂ ਦੇ ਕਿਲ੍ਹੇ ਨੂੰ ਢਾਹ ਕੇ ਸੱਤਾ ਸੰਭਾਲੀ ਸੀ ਅਤੇ ਉਸ ਤੋਂ ਬਾਅਦ ਲਗਾਤਾਰ ਤਿੰਨ ਵਾਰ ਚੋਣਾਂ ਜਿੱਤ ਕੇ ਰਾਜ ਕੀਤਾ।

# ਕਾਂਗਰਸ ਨੇ ਭਾਜਪਾ 'ਤੇ ਚੋਣ ਪ੍ਰਕਿਰਿਆ ਨਾਲ ਛੇੜਛਾੜ ਕਰਨ ਦਾ ਦੋਸ਼ ਲਗਾਇਆ

**ਪਟਨਾ : ਆਪਣਾ ਪੰਜਾਬ ਮੀਡੀਆ :** ਕਾਂਗਰਸ ਨੇ ਬੁੱਧਵਾਰ ਨੂੰ ਵੱਖ-ਵੱਖ ਰਾਜਾਂ ਵਿੱਚ ਚੋਣ ਪ੍ਰਕਿਰਿਆ ਵਿੱਚ ਵੱਡੇ ਪੱਧਰ 'ਤੇ ਬੇਨਿਯਮੀਆਂ ਦਾ ਦੋਸ਼ ਲਗਾਇਆ, ਦਾਅਵਾ ਕੀਤਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਚੋਣ ਨਤੀਜਿਆਂ ਨੂੰ ਪ੍ਰਭਾਵਿਤ



ਕਰਨ ਲਈ ਤਾਲਮੇਲ ਨਾਲ ਵੋਟਰ ਮਿਟਾਉਣ, ਸੂਚੀ ਸੋਧਾਂ ਅਤੇ ਸੰਸਥਾਗਤ ਵਿਧੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਖੇੜਾ ਨੇ ਕਿਹਾ ਕਿ ਵੱਦੇਸ਼ ਇੱਕ "ਗੰਭੀਰ ਪੜਾਅ" ਵਿੱਚੋਂ ਲੰਘ ਰਿਹਾ ਹੈ ਜਿੱਥੇ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵੋਟਰ ਸੂਚੀ ਸੋਧ, ਹੱਦਬੰਦੀ ਅਭਿਆਸ ਅਤੇ "ਵੋਟ ਚੋਰੀ" ਨੂੰ ਚੋਣ ਨਤੀਜਿਆਂ ਨੂੰ ਬਦਲਣ ਲਈ ਇਕੱਠੇ ਸਾਧਨਾਂ ਵਜੋਂ ਵਰਤਿਆ ਜਾ ਰਿਹਾ ਹੈ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


# ਅਮਰੀਕਾ ਵਲੋਂ Strait of Hormuz 'ਚ ਫਸੇ ਜਹਾਜ਼ਾਂ ਨੂੰ ਕੱਢਣ ਲਈ 'ਪ੍ਰੋਜੈਕਟ ਫ੍ਰੀਡਮ' ਦਾ ਕੀਤਾ ਗਿਆ ਐਲਾਨ

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਨੇ ਮੱਧ ਪੂਰਬ ਵਿੱਚ ਚੱਲ ਰਹੇ ਤਣਾਅ ਦੇ ਵਿਚਕਾਰ ਇੱਕ ਮਹੱਤਵਪੂਰਨ ਮਾਨਵਤਾਵਾਦੀ ਪਹਿਲਕਦਮੀ, 'ਪ੍ਰੋਜੈਕਟ ਫ੍ਰੀਡਮ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।

ਇਸ ਯੋਜਨਾ ਤਹਿਤ ਅਮਰੀਕਾ ਉਨ੍ਹਾਂ ਦੇਸ਼ਾਂ ਦੇ ਜਹਾਜ਼ਾਂ ਨੂੰ ਹੋਰਮੁਜ਼ ਦੀ ਜਲਡਮਰੂ (Strait of Hormuz) ਵਿੱਚੋਂ



ਸੁਰੱਖਿਅਤ ਬਾਹਰ ਕੱਢਣ ਵਿੱਚ ਮਦਦ ਕਰੇਗਾ, ਜੋ ਮੌਜੂਦਾ ਵਿਵਾਦ ਵਿੱਚ ਸ਼ਾਮਲ ਨਹੀਂ ਹਨ ਪਰ ਉੱਥੇ ਫਸੇ ਹੋਏ ਹਨ। ਸਰੋਤਾਂ ਅਨੁਸਾਰ, ਦੁਨੀਆ ਭਰ ਦੇ ਕਈ ਦੇਸ਼ਾਂ ਨੇ ਅਮਰੀਕਾ ਨੂੰ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ ਦੇ ਜਹਾਜ਼ਾਂ ਨੂੰ ਆਜ਼ਾਦ ਕਰਵਾਉਣ ਵਿੱਚ ਮਦਦ ਕਰੇ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਹ ਜਹਾਜ਼ ਬਿਲਕੁਲ ਨਿਰਪੱਖ ਹਨ ਅਤੇ ਇਨ੍ਹਾਂ ਦਾ ਖੇਤਰੀ ਵਿਵਾਦਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਰਿਪੋਰਟਾਂ ਮੁਤਾਬਕ ਇਨ੍ਹਾਂ ਜਹਾਜ਼ਾਂ 'ਤੇ ਸਵਾਰ ਚਾਲਕ ਦਲ ਦੇ ਮੈਂਬਰਾਂ ਕੋਲ ਭੋਜਨ ਅਤੇ ਹੋਰ ਜ਼ਰੂਰੀ ਸਾਮਾਨ ਦੀ ਭਾਰੀ ਕਮੀ ਹੋ ਰਹੀ ਹੈ।

# ਸਾਬਕਾ ਜਸਟਿਸ ਲੁਇਸ ਆਰਬਰ ਹੋਵੇਗੀ ਕੈਨੇਡਾ ਦੀ ਨਵੀਂ ਗਵਰਨਰ ਜਨਰਲ



**ਵੈਨਕੂਵਰ : ਆਪਣਾ ਪੰਜਾਬ ਮੀਡੀਆ :** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸੁਪਰੀਮ ਕੋਰਟ ਆਫ ਕੈਨੇਡਾ ਦੀ ਸਾਬਕ ਜਸਟਿਸ ਅਤੇ ਕਈ ਕੌਮਾਂਤਰੀ ਉੱਚ ਅਹੁੱਦਿਆਂ 'ਤੇ ਕੈਨੇਡਾ ਦੀ ਪ੍ਰਤੀਨਿਧਤਾ ਕਰ ਚੁੱਕੀ ਮੈਡਮ ਲੁਇਸ ਆਰਬਰ (79) ਨੂੰ ਨਵੀਂ ਗਵਰਨਰ ਜਨਰਲ ਵਜੋਂ ਮਨੋਨੀਤ ਕਰਕੇ ਬਰਤਾਨਵੀ ਮਹਾਰਾਜੇ ਉਸਦੀ ਨਿਯੁਕਤੀ ਦੀ ਪ੍ਰਵਾਨਗੀ ਹਾਸਲ ਕਰ ਲਈ ਹੈ। ਉਹ ਮੌਜੂਦਾ ਗਵਰਨਰ ਜਨਰਲ (ਰਾਸ਼ਟਰਪਤੀ) ਮੈਡਮ ਮੈਰੀ ਸਾਈਮਨ ਦੀ ਥਾਂ ਲੈਣਗੇ, ਜਿਸਦੀ ਨਿਯੁਕਤੀ ਕੁਝ ਸਾਲ ਪਹਿਲਾਂ ਤੱਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ 2021 'ਚ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਦਫਤਰ ਵਲੋਂ ਦੱਸਿਆ ਗਿਆ ਕਿ ਉਹ ਬਰਤਾਨਵੀ ਮਹਾਰਾਜੇ ਦੇ ਨਾਂਉਂ 'ਤੇ ਸਹੁੰ ਚੁੱਕਦੇ ਹੀ ਕਾਰਜਭਾਰ ਸੰਭਾਲ ਲੈਣਗੇ। 79 ਸਾਲਾ ਲੁਇਸ ਆਰਬਰ ਨੇ ਕਨੂੰਨ ਦੀ ਪੜਾਈ ਕੀਤੀ। ਮੂਲ ਰੂਪ 'ਚ ਕਿਊਬੈਕ ਵਾਸੀ ਹੋਣ ਕਰਕੇ ਉਸਨੂੰ ਅੰਗਰੇਜੀ ਅਤੇ ਫਰੈਂਚ ਭਾਸ਼ਾਵਾਂ 'ਚ ਮੁਹਾਰਤ ਹੈ। ਉਸਦੀ ਪਹਿਲੀ ਨਿਯੁਕਤੀ ਉੱਟਾਰੀਓ 'ਚ ਸਥਾਨਕ ਜੱਜ ਵਜੋਂ ਹੋਈ ਤੇ ਪਦਉਨਤ ਹੁੰਦੇ ਹੋਏ ਉਹ ਸੁਪਰੀਮ ਕੋਰਟ ਆਫ ਕੈਨੇਡਾ ਦੀ ਜੱਜ ਬਣੀ। ਉਸਨੇ ਕਈ ਕੌਮਾਂਤਰੀ ਸੰਗਠਨਾਂ ਵਿੱਚ ਕੈਨੇਡਾ ਦੇ ਪ੍ਰਤੀਨਿਧੀ ਵਜੋਂ ਸੇਵਾਵਾਂ ਨਿਭਾਈਆਂ। 2004 'ਚ ਸੁਪਰੀਮ ਕੋਰਟ ਦੇ ਜੱਜ ਵਜੋਂ ਅਸਤੀਫਾ ਦੇਣ ਤੋਂ ਬਾਦ ਉਸਨੂੰ ਯੂ ਐਨ ਓ ਦੇ ਮਨੁੱਖੀ ਅਧਿਕਾਰ ਵਿੰਗ ਦਾ ਕਮਿਸ਼ਨਰ ਬਣਾਇਆ ਗਿਆ। 2007 'ਚ ਉਸਨੂੰ ਮਨੁੱਖੀ ਅਧਿਕਾਰਾਂ ਦੀ ਸ਼ਿੱਦਤ ਨਾਲ ਪਹਿਰੇਦਾਰੀ ਅਤੇ ਜੱਜ ਵਜੋਂ ਕੈਨੇਡਿਆਈ ਕਾਨੂੰਨਾਂ ਦਾ ਮਾਣ ਸਨਮਾਨ ਵਧਾਉਣ ਬਦਲੇ ਆਰਡਰ ਆਫ ਕੈਨੇਡਾ ਦੇ ਸਨਮਾਨ ਨਾਲ ਨਿਵਾਜਿਆ ਗਿਆ।

# ਅਟਾਰੀ ਵਿਖੇ ਚਾਰ ਪਾਕਿਸਤਾਨੀ ਨਾਗਰਿਕ ਕੈਦੀ ਰਿਹਾਅ




**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਭਾਰਤ ਸਰਕਾਰ ਨੇ ਮੰਗਲਵਾਰ ਨੂੰ ਚਾਰ ਪਾਕਿਸਤਾਨੀ ਨਾਗਰਿਕ ਕੈਦੀਆਂ ਨੂੰ ਉਨ੍ਹਾਂ ਦੀ ਸਜ਼ਾ ਅਤੇ ਕਾਨੂੰਨੀ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਅਟਾਰੀ-ਵਾਹਗਾ ਸਰਹੱਦ ਰਾਹੀਂ ਵਤਨ ਵਾਪਸ ਭੇਜ ਦਿੱਤਾ ਹੈ। ਰਿਹਾਅ ਕੀਤੇ ਗਏ ਕੈਦੀਆਂ ਦੀ ਪਛਾਣ ਮੁਹੰਮਦ ਇਰਫਾਨ (40) ਨਿਵਾਸੀ ਸਾਹੀਵਾਲ, ਮੁਹੰਮਦ ਰਜ਼ਾ (44) ਸਿਆਲਕੋਟ, ਮੁਹੰਮਦ ਹਮਜ਼ਾ ਅਤੇ ਹਸਨੈਨ ਵਜੋਂ ਹੋਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਚਾਰਾਂ ਨੇ ਆਪਣੀ ਜੇਲ੍ਹ ਦੀ ਸਜ਼ਾ ਪੂਰੀ ਕਰ ਲਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਾਕਿਸਤਾਨੀ ਅਧਿਕਾਰੀਆਂ

# ਮਾਂਟਰੀਅਲ ਵਿੱਚ ਦਿਨ ਦਿਹਾੜੇ ਨਕਾਬਪੋਸ਼ਾਂ ਨੇ ਲੁੱਟੀ ਬੇਕਰੀ

**ਮਾਂਟਰੀਅਲ : ਆਪਣਾ ਪੰਜਾਬ ਮੀਡੀਆ :** ਮਾਂਟਰੀਅਲ ਵਿੱਚ ਸਥਿਤ ਮਸ਼ਹੂਰ ਬੇਕਰੀ ਮੈਮੀ ਕਲਾਫੂਈਟਿਸ ਵਿੱਚ ਦਿਨ ਦਿਹਾੜੇ ਮਾਸਕ ਪਾ ਕੇ ਕਰੀਬ ਦਰਜਨ ਭਰ ਲੋਕ ਅਚਾਨਕ ਦੁਕਾਨ ਵਿੱਚ ਦਾਖ਼ਲ ਹੋ ਗਏ ਅਤੇ ਸ਼ੈਲਫ਼ਾਂ ਤੋਂ ਸਮਾਨ ਆਪਣੇ ਬੈਗਾਂ ਵਿੱਚ ਭਰ ਕੇ ਬਿਨਾਂ ਪੈਸੇ ਦਿੱਤੇ ਫਰਾਰ ਹੋ ਗਏ।ਘਟਨਾ ਸਵੇਰੇ ਲਗਭਗ 8:30 ਵਜੇ ਦੀ ਦੱਸੀ ਜਾ ਰਹੀ ਹੈ। ਇਸ ਦੌਰਾਨ ਗਰੁੱਪ ਦੇ ਮੈਂਬਰ "ਸਭ ਕੁਝ ਮੁਫ਼ਤ ਹੈ" ਅਤੇ "ਅਨਾਰਕੀ ਜ਼ਿੰਦਾਬਾਦ" ਵਰਗੇ ਨਾਰੇ ਲਗਾ ਰਹੇ ਸਨ। ਜਾਣਕਾਰੀ ਅਨੁਸਾਰ, ਉਹਨਾਂ



ਨੇ ਦੁਕਾਨ ਦੇ ਸ਼ੀਸ਼ਿਆਂ 'ਤੇ "ਫਰੀ ਬਰੈਂਡ" ਅਤੇ ਅੰਦਰ "ਕੈਪੀਟਲਿਸਟ ਸਟੋਰ " ਵੀ ਲਿਖ ਦਿੱਤਾ। ਬੇਕਰੀ ਦੇ ਮਾਲਕ ਜੋਸਫ਼ ਸਾਬਾਤੀਏ ਨੇ ਇਸ ਘਟਨਾ 'ਤੇ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਸਿੱਧੀ ਚੋਰੀ ਹੈ, ਜਿਸ ਨਾਲ ਕਰਮਚਾਰੀਆਂ ਅਤੇ ਸਥਾਨਕ ਸਪਲਾਇਰਾਂ ਨੂੰ ਨੁਕਸਾਨ ਪੈਂਦਾ ਹੈ। ਪੁਲਿਸ ਮੁਤਾਬਕ, ਇਸ ਦੌਰਾਨ ਕੋਈ ਹਿੰਸਾ ਨਹੀਂ ਹੋਈ, ਪਰ ਲੱਗਭਗ 1000 ਡਾਲਰ ਦੇ ਸਮਾਨ ਦੀ ਚੋਰੀ ਹੋਈ ਹੈ। ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

ਇੱਕ ਅਣਪਛਾਤਾ ਗਰੁੱਪ ਆਨਲਾਈਨ ਇਸ ਘਟਨਾ ਦੀ ਜ਼ਿੰਮੇਵਾਰੀ ਲੈਂਦਾ ਹੋਇਆ ਇਸ ਨੂੰ ਰਾਜਨੀਤਿਕ ਕਦਮ ਕਰਾਰ ਦੇ ਰਿਹਾ ਹੈ, ਪਰ ਅਧਿਕਾਰੀਆਂ ਨੇ ਇਸਨੂੰ ਸਾਫ਼ ਤੌਰ 'ਤੇ ਅਪਰਾਧ ਦੱਸਿਆ ਹੈ।


Copyright: Apna Punjab Media 2025-26

# MATRIMONIAL ADS

## MATRIMONIAL

Name: Saini Sikh Girl
Date of Birth: 28 February 1998
Height: 5'4"Complexion: Fair
Education: M.Sc. in Food Technology
Profession: Employed in Gujarat
Gotra: Dhamrait / Tumber
Preferred Match: Army or Air Force Officer
Contact:Mr. Jasvir Singh
House No. 1702, Hospital Road, Ropar
Phone: 94174-85091, 94788-27828

## MATRIMONIAL

Name: Saini Sikh Girl
Date of Birth: 21 July 1997
Height: 5'7"Complexion: Fair
Education: M.Com with Computer Course
Profession: Employed with Sun Pharma (Private Sector)
Gotra: Mundra / Gahania
Preferred Match: Turbaned Sikh Boy
Contact:S. Manjit Singh
House No. 4533, Bari Haveli (Haveli Kalan)
Phone: 97819-92581

## MATRIMONIAL

Name: Saini Sikh Girl
Date of Birth: 22 October 1998
Height: 5'4.5"Complexion: Wheatish
Education: B.P.T., Diploma in Nutrition, pursuing M.H.A.
Profession: DoctorGotra: Dhal / Dhamrait
Preferred Match: Turbaned Sikh Boy from a well-educated family, P.R. holder in Canada or Citizen of any European country
Contact:S. Ajit Singh
ILD Greens, Tower-6, Flat No. 702, Sector 37C, Gurgaon (Haryana)
Phone: 98114-00853, 98115-70853

## MATRIMONIAL

Name: Saini Hindu Girl
Date of Birth: 1993, Height: 5'2"Complexion: Fair
Education: BCA Graduate, Profession: Homemaker
Gotra: Kaloty
Preferred Match: Punjabi Saini boy, aged between 30 to 36 years, well-educated and well-settled in a respectable profession
Contact:Mr. Lakashman Parsad
House No. 3377/3, Bhargo Nagar, Jalandhar
Phone: 96466-00926, 62396-00926

## MATRIMONIAL

Name: Saini Sikh Girl
Date of Birth: 18 July 1998, Height: 5'2"Complexion: Fair
Education: B.Sc. Nursing, Profession: Nursing Officer at PGI, Chandigarh
Gotra: Girn / Badwal
Preferred Match: Turbaned Sikh boy belonging to the Sikh religion, employed in a government job, and settled in the Tricity area (Chandigarh, Mohali, Panchkula)
Contact:S. Gurnam SinghVPO Bhallri, Tehsil Nangal, District Ropar (Punjab)
Phone: 94173-35335

## MATRIMONIAL

Name: Saini Sikh Girl
Date of Birth: September 1998
Height: 5'6"Complexion: Fair
Education: B.Sc. and B.H.Sc. (Canada)
Profession: Employed in a Government Hospital, Ontario (Canada)
Gotra: Kanithlia / Panthila
Preferred Match: Well-educated, tall, Canadian P.R. holder or Citizen
Contact:S. Ranjit Singh
House No. 99, Sun Enclave, Ropar
Phone: 94177-33307

## WANTED BRIDE

Sikh Jat family looking for sikh girl from NY Tri-State area for their son ,born 1988, 5'9", handsome, intelligent, virtual event producer, 6 figure income, born, US citizen.
Pls call or write Rita G. 917 797 1117 or Email: sikhgurus@gmail.com.

## MATRIMONIAL

Name: Saini Sikh Girl
Date of Birth: 29 August 1994, Height: 5'3"Complexion: Fair
Education: B.Tech (Computer Science & Engineering), Post Graduate Diploma in Cyber Security Profession: Employed in Canada (Permanent Resident)
Income: 6,000 CAD per month
Gotra: Dhamrait / Banwait
Preferred Match: Equally qualified match, either from India or Canada
Contact:S. Jasvir SinghJagjit Nagar, RoparPhone: 94642-55626

## MATRIMONIAL

Name: Saini Hindu Girl (Divorced)
Date of Birth: 10 February 1991
Time of Birth: 12:30 PM (Ambala)
Height: 5'1" Complexion: Fair
Education: Degree in Nursing and B.A.
Profession: Staff Nurse at a Private Hospital
Gotra: Medhwan / Lambe
Preferred Match: Suitable, understanding, and well-settled Punjabi Saini match
Contact:Mr. Rann Singh / Ms. Samiksha Saini
House No. 1, Raipur Khurd, Chandigarh 160003Phone: 79733-01900

## WANTED BRIDE

Punjabi, sikh, parents invite correspondence for their Clean shaven, 35 y, 5'9", US born, virtual event producer, family oriented, indeoendant, charming, son.Pls contact parents sikhgurus@gmail.com or 917 797 1117

## MATRIMONIAL

Saini Hindu Girl – Fair, 5'4", D.O.B. 11.11.1998, B.Tech (CSE), employed as Data Scientist at Cars24. Belongs to a respectable family (Gotra: Sutrala/Chera). Seeks well-educated Hindu Saini boy from a good family background.
Contact: Chander Mohan, #90, Ward No. 5, Shri Chamkaur Sahib Road, Near Anaj Mandi, Distt. Ropar.Ph: 94649-44305

## MATRIMONIAL

Saini Sikh Girl – Fair, 5'7", D.O.B. 09.11.1993, B.Tech (CSE), M.S. (CSE, USA), working as Software Engineer in USA, earning USD 1,00,000 annually. Belongs to a respectable family (Gotra: Nanuan/Gidde). Seeks well-qualified, vegetarian Sikh boy with USA/Canada PR or citizenship.Contact: Satwinder Singh, Flat No. A-604, Palm Village, Sec-126, Mohali.Ph: 81460-22355

## MATRIMONIAL

Saini Sikh Girl – Fair, 5'3", D.O.B. 24.08.1999, B.Sc. Nursing, pursuing M.Sc. Nursing. Belongs to a respectable family (Gotra: Nanuan/Dhamrait). Seeking a well-educated, suitable Sikh boy, preferably from Ropar area.
Contact: S. Jagdev Singh, Vill. Tajowal, Distt. S.B.S. Nagar.
Ph: 84279-79909

## MATRIMONIAL

Saini Sikh Boy – Fair, 5'3", D.O.B. 16.10.1994, B.Tech (Civil Engineering), employed with Bentley Systems.
Belongs to a respectable family (Gotra: Kloti/Jhaudeer).
Seeks suitable, well-educated Saini Sikh girl from a good family background.
Contact: Manjit Singh, Jaja Chowk, Tanda, Mohali. Ph: 75080-90397, 98552-24606

## WANTED BRIDE

Saini Sikh Boy – Fair, 5'11", D.O.B. 15.04.1991, BCA, MBA, working as Hotel Manager in Canada on Work Permit.
Belongs to a respectable family (Gotra: Masute/Nanuan).
Seeks well-educated Saini Sikh girl, preferably professionally qualified.
Contact: S. Gurpal Singh, Village Kherabad, Distt. Ropar.Ph: 62806-07428, 98789-61079

## WANTED BRIDE

Saini Sikh Boy – Fair, 5'8", D.O.B. 06.08.1991, Diploma in Mechanical Engineering, employed as Conductor in PRTC.
Belongs to a respectable family (Gotra: Masuta/Nanuan).
Seeks suitable, well-educated Saini Sikh girl from a good family. Contact: S. Hazara Singh, Nanak Pura Colony, Ropar.
Ph: 62802-02332, 94177-06563

## WANTED BRIDE

Saini Sikh Boy – Fair, 6', D.O.B. 23.09.1996, B.Com (Hons) Delhi University, Global Business Management (Humber College, Toronto). Working as Finance/Accounts Professional in Canada. Income CAD 65,000 p.a. (Gotra: Banwait). Seeks well-educated, decent Saini Sikh girl (Height 5'3" & above), PR/Citizen of Canada preferred.Contact: S. Jasbir Singh Saini, A-2/76, 3rd Floor, Paschim Vihar, New Delhi – 110063.Ph: 98110-35915

## WANTED BRIDE

Saini Sikh Boy – Fair, 5'10", D.O.B. Jan 1996, M.Sc. (Agriculture), employed with HDFC Bank, Mohali. Belongs to a respectable family (Gotra: Mundra/Gahunia). Seeks suitable, well-educated Saini Sikh girl from a decent family background.Contact: Manjit Singh, #4533, Haveli (Kalan).Ph: 97819-92581



Copyright: Apna Punjab Media 2025-26

# CLASSIFIED ADS

## APARTMENT FOR SALE/RENT

CONDOMINIUM FOR RENT Anand Vihar, Tampa Florida Three Bedroom fully furnished condominium on Ground floor, Club House with swimming pool, gym, Lunch/Dinner Meal plans. Available May 1, 2023. Dinesh (716) 830 7260

FAMILY DENTAL



Parul Dua Makkar, DDS

Dr. Parul Dua Makkar brings over 20 years of experience.

Award winning Dentist providing comprehensive dental care for children and adults

295 North Broadway, Jericho N.Y. 11753

Tel. 516-388-5002

www.pdmfamilydental.com

info@pdmfamilydental.com

## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

## NAME CHANGE

I hereby, Sarbjot singh s/o Jagmohan Singh Permanent residence at H. No 87 Krishna colony, Yamuna Nagar 135001, HR now residing at 13906 Ash stone ct, Fishers, IN 46040, hereby change my name from Saravjot Singh to Sarbjot singh.


## Investment Consultants United States & Punjab

APNA PUNJAB ESTATES

ਜੇਕਰ ਤੁਸੀਂ ਨਿਊਯਾਰਕ ਵਿੱਚ ਆਪਣਾ ਘਰ ਖ਼ਰੀਦਣ ਦਾ ਸੁਪਨਾ ਕਰਨਾ ਚਾਹੁੰਦਾ ਹੋ ਪੂਰਾ ਤਾਂ ਫੋਨ ਮਿਲਾਉ।

1 (929) 338 8833

## NOW HIRING BUS AND VAN DRIVERS



DON'T MISS The Bus!

LOOK NEW PAY RATES FOR SEPTEMBER

NEW

Big Bus $31.68/hr. Non-Benefit Rate

Van $28.91/hr. Non-Benefit Rate

We Guarantee 30 Hours A Week

Sign On Bonus $5,000.00 for CDL driver bus and van $500.00 for non CDL drivers. Will train qualified applicants

*Some restrictions may apply.

EDUCATIONAL BUS TRANSPORTATION

1324119

516.454.2300 Call Today!

Positions available in Nassau and Suffolk Counties

Apply At: www.educationalbusjobs.com/ EOE

Be prepared before the next power outage.

## It's not just a generator. It's a power move.

Receive a free 5-year warranty with qualifying purchase* - valued at $535.

Call 516-973-5901 to schedule your free quote!

*Terms and Conditions apply

GENERAC



## Carpentry & Painting Specialist



Residential and Commercial - All Phases

"Anthony & J Home Improvement, Inc."

Also specializes in ☆ Kitchens ☆ Bathrooms ☆ Finished Basements ☆ Flooring ☆ Repairs ☆ Woodwork/mouldings ☆ Siding ☆ Gutters

516-678-6641 – Licensed & Insured

FREE ESTIMATES...call Anthony Romeo 1323694

## HANDYMAN

Roofing shingle flat • Experts in leaks • Bathroom kitchens Flooring • Masonry stoop repair or replace stucco Waterproofing basement • Mold mildew removal Painting inter/ exter • Sheetrocking • Rotten wood Power washing

CJM CONTRACTING • CHRIS 516-428-5777

LICENSED & INSURED 1321908

## HOUSEHOLD HELP WANTED

NEW JERSEY Gujarati Doctor couple Need Live in household help for cooking and light household work in Watching, NJ Call: 908-279-4525

## BUSINESS FOR SALE

WALLINGTON, NJ Convenience store for sale at 168 Main Ave, Wallington, NJ 07057. Asking price $300,000. Lottery Commision $90,000. Contact: 973-510-6701, Email: namratabharat.patel@gmail.com

सरकार द्वारा मान्यता प्राप्त

मियां गुरु नबीर जी

101% गारंटीड समाधान घर बैठे पाएं

Love Marriage 99152-88192

घरेलू झगड़ा

लॉटरी नंबर

पति-पत्नी में झगड़ा, आम दुश्मन से पीछा, विदेश में P.R में रुकावट, विदेश यात्रा, तलाक का मामला

प्यार में धोखा खा चुके प्रेमी प्रेमिका एक बार काल करो

+91- 99154-88196

## WORLDWIDE COURIER SERVICES

INDO US EXPRESS, INC.

Gurwinder Singh

*Worldwide Couriers/Freight Forwarders/Domestic Rush' Delivery/Import/Export/Custom/Clearence / Trading Consultant*

Office 212 447 5720 Fax 516 932 3750

Delhi - +91 98 1849 0552 | Mumbai - +91 922 453 1807 | New York - +1 347 538 7041

www.iueinc.com | Email: indousexpress@gmail.com | 224 West 30th St. #1004, New York, NY 10001

## URGENTLY REQUIRED

ELECTRONIC ENGINEERS ( Diploma / ITI )

ELECTRICIAN ( Diploma / ITI )

TECHNICIAN ( Diploma / ITI )

WIREMAN ( 12th Pass )

HELPER ( 10th Pass )

- For installation of CCTV & Security System
- Own Conveyance Must
- Good Salary

VIDEO VISION SERVICES

Plot No. 155-B, Sec. 82, Mohali. (M) 98142-60807

APPLICATIONS ARE INVITED FOR DIRECT ADMISSION SESSION 2025-26

## CERTIFICATE COURSE (COTA)

ELIGIBILITY 10TH PASS

DATE OF COUNSELING 30/11/2025 (SUNDAY)

Admissions will be made as per Punjab Govt./BFUHS norms.

AMAR PROFESSIONAL COLLEGE OF NURSING

Near Intenational Mohali Airport. Opp. Aerocity, G-block, Village Dyalpura, Distt. Mohali. (PB) PH: 9814005365, 8558939254



Copyright: Apna Punjab Media 2025-26